੧ ਓ

ਨਾਮਧਾਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਦੀ
ਸੌ ਸਾਲਾ ਸ਼ਤਾਬਦੀ ਦੀ ਭੇਟਾ

108

## ਨਾਮਧਾਰੀਆਂ ਦੀਆਂ ਦੋ ਵਾਰਾਂ

# ਰੂਹਾਂ ਜਾਗੀਆਂ

ਇਕ ਦਿਨ ਰੂਹਾਂ ਜਾਗੀਆਂ, ਆਈਆਂ ਛਡ ਅਕਾਸ਼ ।
ਵਾਰਾਂ ਲਿਖਣ ਵਾਲਿਆ, ਲਿਖ ਸਾਡਾ ਇਤਹਾਸ ।

ਚੰਗੇ ਨੂੰ ਚੰਗਾ ਕਵੀਂ, ਮੰਦਾ ਮੰਦੀ ਬੋਲ ।
ਤਕੜੀ ਫੜ ਇਨਸਾਫਦੀ, ਪੂਰੋ ਪੂਰਾ ਤੋਲ ।

ਵੇਰਨ ਅੱਖਾਂ ਖੁਲ੍ਹੀਆਂ, ਸਿਰ ਤੇ ਖੜੇ ਸ਼ਹੀਦ ।
ਲਦੀ ਸ਼ਹੀਦੀ ਸੀਸ਼ ਦੇ, ਸਭਨਾਂ ਕੋਲ ਰਸੀਦ ।

ਵਾਰੋ ਵਾਰੀ ਸਾਰਿਆਂ ਕੀਤਾ, ਸਿਦਕ ਬਿਆਨ ।
ਲਿਖਿਆ 'ਚਾਤਰ' ਕਵੀ ਨੇ, ਦਰ ਹੋਵ ਪਰਵਾਨ ।

ਲੇਖਕ :—
**ਸ੍ਰ: ਹਰਸਾ ਸਿੰਘ 'ਚਾਤਰ'**

(ਵਾਰਾਂ ਦਾ ਬਾਦਸ਼ਾਹ)

ਪ੍ਰਕਾਸ਼ਕ : **ਹਰਮੰਦਰ ਪੁਸਤਕ ਭੰਡਾਰ**
ਚੌਂਕ ਘੰਟਾ ਘਰ, ਅੰਮ੍ਰਿਤਸਰ

ਭੇਟਾ 50 ਪੈਸੇ

3—4—71



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

# ਕੂਕਿਆਂ ਦੀਆਂ ਵਾਰਾਂ ਬਾਰੇ

ਸਿਰ ਲਥ ਯੋਧਿਆਂ ਦੇ ਕਾਰਨਾਮਿਆਂ ਨੂੰ ਉਲੀਕਣਾ ਕੋਈ ਕਲਮ ਦਾ ਧਣੀ ਹੀ ਹਥ ਪਾਵੇ ਤਾਂ ਪਾਵੇ ਨਹੀਂ ਤਾਂ ਸਾਰਿਆਂ ਤੋਂ ਪੂਰਾ ਨਹੀਂ ਉਤਰ ਸਕੀਦਾ । ਇਸ ਪਖੋਂ ਸ੍ਰ: ਹਰਸਾ ਸਿੰਘ ਚਾਤਰ ਨੂੰ ਮੈਂ ਨੇੜੇ ਹੋਕੇ- ਤਕਿਆ ਅਤੇ ਸੁਣਿਆ ਹੈ। 'ਚਾਤਰ' ਸਾਹਿਬ ਨੇ ਜੋ ਸ਼ਬਦਾਵਲੀ ਵਾਰਾਂ ਵਿਚ ਵਰਤੀ ਹੈ ਤੇ ਖਾਸ ਕਰਕੇ ਇਸ ਵਾਰ ਵਿਚ ਜੋ ਆਧੁਨਿਕ ਤੇ ਬੀਰ ਰਸ ਭਰ ਦਿਤਾ ਹੈ। ਇਸਦੀ ਮਿਸਾਲ ਸੰਸਾਰ ਦੇ ਵਾਰ ਸਹਿਤ ਵਿਚ ਘਟ ਹੀ ਨਜਰੀਂ ਪੈਂਦੀ ਹੈ, ਇਸ ਵਾਰ ਵਿਚ ਜਬਾਨ ਤੇ ਸ਼ਬਦ ਸ਼ਦਬਾਂ ਦੇ ਚਿਤ੍ਰ ਤੇ ਇਤਹਾਸਕ ਹਵਾਲਿਆਂ ਨੇ ਅਕਹਿ ਜੋਸ਼ ਭਰ ਦਿਤਾ ਹੈ। ਇਹ ਇਕ ਮੁਰਦਾਂ ਦਿਲਾਂ ਵਿਚ ਮਰਦਾਨਗੀ ਜਗਾਉਣ ਵਾਲੀ ਰਚਣਾਂ ਹੈ

ਪਰ ਅਫਸੋਸ ਅਜਿਹੇ ਪੰਜਾਬੀ ਟੈਗੋਰ ਦੀ ਆਰਥਿਕ ਹਾਲ ਵਲ ਕਿਸੇ ਨੇ ਧਿਆਨ ਨਹੀਂ ਦਿਤਾ। ਨਾਹੀ ਕੌਮ ਤੇ ਨਾਹੀਂ ਸਰਕਾਰ ਨੇ। ਮੈਂ ਪੰਜਾਬ ਸਰਕਾਰ, ਪੰਜਾਬੀ ਭਾਸ਼ਾ ਵਿਭਾਗ ਅਤੇ ਪੰਜਾਬੀ ਮਾਂ ਬੋਲੀ ਦੇ ਹਿਤੂਆਂ ਨੂੰ ਅਪੀਲ ਕਰਦਾ ਹਾਂ ਕਿ ਅਜਿਹੇ ਅਮੋਲਕ ਰਤਨ 'ਰਚਨਾਵਾਂ' ਤੇ ਰਚਨ ਹਾਰੇ ਦੀ ਕਦਰ ਕਰਨ।

(ਅੰਮ੍ਰਿਤਸਰ) ਜਨਰੈਲ ਸਿੰਘ ਐਮ. ਏ.

---

ਨਿਊ ਕਲਕੱਤਾ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ
ਪ੍ਰਿੰਟਰ ਮਹਿੰਦਰ ਸਿੰਘ

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ:..............
ਅਲਮਾਰੀ ..............
ਸ੍ਰੀ ਭੈਣੀ ਸਾਹਿਬ
10.5.71

# ਅੰਮ੍ਰਿਤਸਰ ਵਿਚ ਬੁਚੜਾਂ ਦਾ ਬਧ

ਜਦ ਸਿਖ ਰਾਜ ਦੀ ਦੋਸਤ, ਮੁਕ ਗਈ ਕਹਾਣੀ
ਜਦ ਵਗਿਆ ਵਿਚ ਪੰਜਾਬ ਦੇ, ਟੈਮਜ਼ ਦਾ ਪਾਣੀ
ਜਦ ਰੁਲ ਗਈ ਸ਼ੇਰ ਪੰਜਾਬ ਦੀ, ਜਿੰਦ ਜੀ ਭਿਆਣੀ
ਜਦ ਲੈ ਗਈ ਕਿਤੇ ਦਿਲੀਪ ਨੂੰ, ਬੁਚੜਾਂ ਦੀ ਢਾਣੀ
ਜਦ ਫੇਰ ਭਬੀਛਨ ਜਾਗਿਆ, ਕਰ ਨੀਯਤ ਕਾਣੀ
ਉਸ ਲੁਟੀ ਵਿਚ ਖਲੋ ਕੇ, ਲੰਕਾ ਦੀ ਰਾਣੀ
ਜਦ ਫੁਟਾ ਚਾਟਾ ਅਣਖ ਦਾ, ਟੁਟ ਗਈ ਮਧਾਣੀ
ਫਿਰ ਮੱਖਣ ਕਿਵੇਂ ਵਿਰੋਲ ਦੀ, ਤਕਦੀਰ ਅੰਞਾਣੀ

ਆ ਕਬਜਾ ਕੀਤਾ ਗੋਰਿਆਂ, ਹਰ ਗਏ ਪੰਜਾਬੀ
ਖਹਿ ਖਾਰਾਂ ਵਿਚ ਪਰੁੱਚਿਆਂ ਹਰ ਫੁਲ ਗੁਲਾਬੀ
ਵੱਜ ਜੰਦਰੇ ਗਏ ਦੀਮਾਗ ਨੂੰ, ਫੁੱਟ ਲੈ ਗਈ ਚਾਬੀ
ਜਦ ਆਂਦੀ ਰੇਨ ਗਰੀਬ ਨੇ, ਛੜਿਆਂ ਦੀ ਭਾਬੀ
ਜਦ ਭੜ ਭੜ ਮੱਚੀ ਈਰਖਾ, ਚਲ ਗਈ ਮਤਾਬੀ
ਸਭ ਸੜ ਗਈ ਕਿਸਮਤ ਦੇਸ ਦੀ, ਭੁੱਲ ਗਈ ਖਰਾਬੀ
ਜਦ ਚੁੰਮੀ ਚੱਟੀ ਚੁਗਲ ਨੇ, ਗੋਰੀ ਗੁਰਗਾਬੀ
ਤਦ ਹਾਵੀ ਹੋ ਗਈ ਬਾਜ਼ ਤੇ, ਹਰ ਥਾਂ ਮੁਰਗਾਬੀ



Sri Satguru Jagjit Singh Ji Elibrary NamdhariElibrary@gmail.com

ਇਕ ਘੰਟੇ ਘਰ ਦੀ ਕੰਧ ਨੂੰ, ਮਲ ਲਿਆ ਕਸਾਈਆਂ
ਲਾ ਬਾਹਰ ਦੁਕਾਨਾਂ ਵੇਚ ਦੇ, ਅੰਦਰ ਕਤਲਾਈਆਂ
ਚੁਕ ਅੰਮ੍ਰਿਤ ਸਰ ਵਿਚ ਬੋਟੀਆਂ ਕਾਵਾਂ ਨੇ ਪਾਈਆਂ
ਥਾਂ ਥਾਂ ਤੇ ਗਿਰਜਾਂ ਬੈਠੀਆਂ, ਚੀਲਾਂ ਮੰਡਲਾਈਆਂ
ਮੂੰਹ ਚੁਕ ਅੜਿਗੀਆਂ ਅਰਸ਼ ਨੂੰ, ਗਊਆਂ ਘਬਰਾਈਆਂ
ਜੇ ਮਰਦ ਜੁਵਾਬਾਂ ਦੇਣ ਨਾ, ਕੀ ਦੇਣਾਂ ਮਾਈਆਂ
ਸਣ ਕਿਥੇ ਉਦੋਂ ਸੂਰਮੇਂ, ਅਰਸ਼ਾਂ ਦਿਆਂ ਸਾਈਆਂ
ਜੋ ਗਊ ਰਖਸ਼ਾ ਦੇ ਨਾਮ ਤੇ, ਅਜ ਦੇਣ ਦੁਹਾਈਆਂ

ਤਕ ਸੈਆਂ ਸਾਊ ਬੰਦਿਆਂ, ਤਾਰਾਂ ਖੜਕਾਈਆਂ
ਪਰ ਉਹ ਤਾਰਾਂ ਕੀ ਖੜਕੀਆਂ; ਜੋ ਕੰਮ ਨਾ ਆਈਆਂ
ਨਾ ਕਿਸੇ ਦਿਲੀਲਾਂ ਮੰਨੀਆਂ, ਨਾ ਕਿਸੇ ਮਨਾਈਆਂ
ਸਭ ਛਹਿ ਕੇ ਵਕਤ ਗੁਜਾਰ ਦੇ, ਕੀ ਕਰਨ ਗੁਸਾਈਆਂ
ਜਦ ਧੀਰੀ ਛਡੀ ਧਰਤ ਨੇ, ਅਸਮਾਨ ਉਚਾਈਆਂ
ਤਦ ਵਧ ਗਈ ਮਰਜ ਮਰੀਜ਼ ਦੀ, ਬੇਅਰਥ ਦੁਵਾਈਆਂ
ਜਦ ਸੱਥਰ ਸੁਤੇ ਸੂਰਮੇਂ, ਛਡ ਲੇਫ ਤੁਲਾਈਆਂ
ਫਿਰ ਥਾਂ ਥਾਂ ਜਾ ਜਾ ਬੀਜੀਆਂ, ਬੁਰਿਆਂ ਬੁਰਿਆਈਆਂ

ਅਜ ਖਾਂਦੇ ਚੰਦੇ ਮੰਗ ਕੇ, ਨੀਤਾਂ ਬਦਲਾਈਆਂ
ਕੁਝ ਜਾ ਕਲਕੱਤੇ ਵੇਚੀਆਂ, ਕੁਝ ਮਾਰ ਖਪਾਈਆਂ
ਜੇ ਕਿਸੇ ਨਗੁਣੀ ਗੂਣ ਨੂੰ, ਮੂੰਹ ਮਾਰੇ ਗਾਈਆਂ
ਤਦ ਸੋਟੇ ਮਾਰੇ ਮਾਲਕਾਂ, ਮੂੰਹ ਤੋੜ ਭਜਾਈਆਂ



Sri Satguru Jagjit Singh Ji Elibrary NamdhariElibrary@gmail.com

ਧੰਨ ਚੀਨੀ ਵਾਲਾ ਸੂਰਮਾਂ, ਜਿਸ ਸੰਧ ਬਲਾਈਆਂ
ਸੀ ਬੁਝੀਆਂ ਜੋਤਾਂ ਮਰਦ ਨੇ, ਮੁੜ ਫੇਰ ਜਗਾਈਆਂ
ਜੋ ਊਧਮ ਸਿੰਘ ਜਹੇ ਸੂਰਮੇਂ ਵਿਚ ਜਗ ਜਗ ਆਈਆਂ
ਜਿਸ ਲੰਡਨ ਗੋਰਾ ਮਾਰ ਕੇ [illegible]ਈਆਂ

ਹੁਣ ਵੇਖੋ ਭਾਵੀ ਰਬ ਦੀ, ਭਾਣਾ ਵਰਤੈਂਦੇ
ਲੈ ਸਿਕ ਗੁਰੂ ਦਰਬਾਰ ਦੀ, ਕੂਕ-ਕੂਕੇ ਆਏ
ਸਭ ਡਿਠੇ ਕਾਰੇ ਉਨਾਂ ਨੇ, [illegible] ਆਪ ਦਿਖਾਏ
ਦਿਲ ਸੇਵਾ ਲਈ ਪ੍ਰੇਰਿਆ, ਰੇਹ [illegible]ਭਖੇ
ਓ ਪਹਿਲੇ ਨ੍ਹਾਤੇ ਤਾਲ ਚੋਂ; ਰਜ ਟੁੱਬੇ ਲਾਏ
ਫਿਰ ਦਰਸ਼ਨ ਕੀਤਾ ਗੁਰੂ ਦਾ; ਪਰਸ਼ਾਦ ਚੜ੍ਹਾਏ
ਸੀ ਕਰ ਅਰਦਾਸਾ ਯੋਧਿਆਂ, ਇਉਂ ਵਾਕ ਅਲਾਏ
ਜੇ ਸਿਰ ਜਾਂਦਾ ਤਾਂ ਜਾਣਦੇ, ਸਾਡਾ ਸਿਦਕ ਨਾ ਜਾਏ

ਇਕ ਲਛਮਣ ਸਿੰਘ ਸੀ ਚਾਹਲ ਦਾ; ਕੌਮੀ ਪਰਵਾਨਾਂ
ਇਕ ਲਹਿਣਾਂ ਸਿੰਘ ਸੀ ਠੱਟਿਓਂ; ਸਿਦਕੀ ਮਸਤਾਨਾਂ
ਇਕ ਬੀਹਲਾ ਸਿੰਘ ਸੀ ਨਾਰਲੀ; ਚਾਤਰ ਤੇ ਦਾਨਾਂ
ਦੋ ਲਹਿਣਾ ਸਿੰਘ ਤੇ ਮੋਹਰ ਸਿੰਘ ਲੋਪੋਕੀ ਜਾਨਾਂ
ਇਕ ਹਾਕਮ ਸ਼ਿੰਘ ਸਰਦਾਰ ਸੀ;ਹਰ ਨੇਕ ਨਿਸ਼ਾਨਾਂ
ਇਕ ਲਹਿਣਾ ਸਿੰਘ ਤਰਖਾਣ ਸੀ; ਬੇਖੌਫ ਦੀਵਾਨਾਂ
ਭਗਵਾਨ ਸਿੰਘ ਮਰਹਾਣਿਓਂ ਨਿੱਤ ਕਰੇ ਕਮਾਨਾਂ
ਸੀ ਅਲ ਅੜਬੰਗੀ ਸਾਧ ਦੀ, ਭਰਿਆ ਪੈਮਾਨਾਂ



Sri Satguru Jagjit Singh Ji Elibrary NamdhariElibrary@gmail.com

ਬਹਿ ਵਿਚ ਪਰਕਰਮਾਂ ਸਾਰਿਆਂ; ਗੁਰਮਤੇ ਪਕਾਏ
ਇਹ ਜੀਵਨ ਚਾਰ ਦਿਹਾੜੀਆਂ; ਗੁਰ ਲੇਖੇ ਲਾਏ
ਸੀ ਜਿਨਾਂ ਲੜਾਕੇ ਯੋਧਿਆਂ; ਜੀਵਨ ਸੁਫਲਾਏ
ਓਹ ਸੂਰਜ ਵਾਂਗੂ ਚਮਕਦੇ ਉਪਕਾਰ ਕਮਾਏ
ਝਟ ਲਾਲ ਗੁਰੂ ਦੇ ਲਾਈਨ ਚੋਂ ਲੈ ਸ਼ਸਤਰ ਆਏ
ਲੈ ਮਾਂਜੇ ਸਿੰਘਾਂ ਸੂਰਿਆਂ; ਲੋਹੜੇ ਲਿਸ਼ਕਾਏ
ਜਗ ਲੱਖਾਂ ਅ ਸ਼ਕ ਹੋਣਗੇ; ਵੱਜ ਜਿਨਾਂ ਵਜਾਏ
ਜੋ ਪਾਇਆ ਇਸ਼ਕ ਪਤੰਗਿਆਂ,ਕੋਈ ਵਿਰਲਾ ਪਾਏ

ਜਦ ਉਨੀ ਸੌ ਅਠਾਈ ਸੀ; ਸੰਮਤ ਦੇ ਗੇੜੇ
ਸਦ ਸਮਾਂ ਲਿਅ ਇਆ ਮੌਤ ਨੂੰ;ਬੁਚੜਾਂ ਦੇ ਨੇੜੇ
ਪਿਆ ਭਖੇ ਮਹੀਨਾਂ ਹਾੜ ਦਾ, ਗਰਮੀਂ ਦੇ ਝੇੜੇ
ਜਦ ਤਕ ਤਕਾ ਲਏ ਰਾਂਝਿਆਂ, ਰੰਗਪੁਰ ਦੇ ਖੇੜੇ
ਜੋ ਚੰਗੀ ਹੈ ਉਪਕਾਰ ਤੋਂ, ਸਿੰਘ ਮੌਤ ਸਹੇੜੇ
ਲੈ ਲੋਹਾ ਚੱਬੇ ਸੂਰਮਾਂ, ਨਹੀਂ ਖਾਂਦਾ ਪੇੜੇ
ਕਰ ਗਲੀਂ ਬਾਤੀਂ ਮੁਕਦੇ; ਜੋ ਨਹੀਂ ਬਖੇੜੇ
ਓਹ ਆਖਰ ਨੂੰ ਤਲਵਾਰ ਤੇ, ਹੋ ਜਾਣ ਨਿਬੇੜੇ

ਓਨਾਂ ਅਧੀ ਰਾਤ ਵਿਚਾਰ ਕੇ, ਚੁਕੀਆਂ ਤਲਵਾਰਾਂ
ਜਾ ਟੱਪ ਅਹਾਤਾ ਮਾਰੀਆਂ, ਬੁਚੜਾਂ ਨੂੰ ਮਾਰਾਂ
ਝਟ ਸਿਰ ਧੜ ਵਖੋ ਵਖਰੇ, ਕੀਤੇ ਹਥਿਆਰਾਂ
ਫੁਟ ਨਿਕਲੇ ਨਾਲੇ ਰਤ ਦੇ, ਸਰਗਰਮ ਝਲਾਰਾਂ



Sri Satguru Jagjit Singh Ji Elibrary NamdhariElibrary@gmail.com

ਸੀ ਜੀਹਨਾਂ ਜੁਲਮ ਗੁਜਾਰਿਆ, ਬੇ ਤਰਸ ਜ਼ਬਾਰਾਂ
ਜਾ ਰਾਤ ਵਜਾਏ ਕੂਕਿਆਂ, ਉਨ੍ਹਾਂ ਦੇ ਬਾਰਾਂ
ਸਣ ਏਦਾਂ ਸਿਰੀਆਂ ਖਿਚੀਆਂ; ਸਿੰਘਾਂ ਸਰਦਾਰਾਂ
ਫੜ ਜਿਓਂ ਖਰਬੂਜੇ ਵਲ ਤੋਂ, ਤੋੜੇ ਘੁਮਿਆਰਾਂ

ਇਉਂ ਵਗ ਛੁਡਾਇਆ ਯੋਧਿਆਂ, ਉਪਕਾਰ ਕਮਾਏ
ਸਭ ਰੱਸੇ ਵਢ ਵਢ ਖਿਤਕਿਉਂ, ਸਨ ਤੋੜ ਭਜਾਏ
ਜੋ ਵੈਰੀ ਗਊ ਗਰੀਬ ਦੇ, ਸਭ ਮਾਰ ਖਪਾਏ
ਦੇ ਜ਼ੋਰ ਤਨਾਵਾਂ ਖਿਚੀਆਂ, ਬਿਨ ਪਰੋਂ ਉਡਾਏ
ਨਾ ਅੱਖ ਉਘਾੜੀ ਕਿਸੇ ਵੀ,ਨਾ ਕੀਤੀ ਹਾਏ
ਇਹ ਚੁਪ ਚਪਾਤੇ ਗਏ ਸੀ. ਕਰ ਕਾਰਜ ਆਏ
ਕਰ ਮਰਦਾਂ ਨੇ ਮਰਦਾਨਗੀ, ਜੋ ਜ਼ੌਹਰ ਵਿਖਾਏ
ਉਹ ਚਮਕਣ ਵਿਚ ਅਕਾਸ਼ ਦੇ, ਜਸ ਦੁਨੀਆਂ ਗਾਏ

ਦਿਨ ਚੜਿਆ ਰੌਲਾ ਪੈ ਗਿਆ, ਗਏ ਬੁਚੜ ਮਾਰੇ
ਸੀ ਜੋ ਜੋ ਚੁਕੇ ਹਾਕਮਾਂ, ਡਿਗ ਪਏ ਚੁਬਾਰੇ
ਪਰ ਪਤਾ ਨਾ ਲਗਾ ਕਿਸੇ ਨੂੰ, ਕਿਸ ਕੀਤੇ ਕਾਰੇ
ਕਿਸੇ ਹਿਮਤ ਕਰਕੇ ਧਰਤ ਤੋਂ, ਚੁਕੇ ਹਤਿਆਰੇ
ਸੁਣ ਘਰੀਂ ਕਸਾਇਣਾਂ ਰੋਂਦੀਆਂ, ਸਿਰ ਖੋਲ ਖਲਾਰੇ
ਤੂੰਬਦਲਾ ਲੈਂਦੇ ਹਾਕਮਾਂ, ਪਿਟੀਆਂ ਸਰਕਾਰੇ
ਸਭ ਸੁਣ ਕੁਤਵਾਲੀ ਵਾਲਿਆਂ; ਭਰ ਕਾਗਜ਼ ਸਾਰੇ
ਉਨਾਂ ਤੁਰਦੇ ਤੁਰਦੇ ਆਦਮੀ; ਫੜ ਲਏ ਵਿਚਾਰੇ



Sri Satguru Jagjit Singh Ji Elibrary NamdhariElibrary@gmail.com

ਸੀ ਜੋ ਜੋ ਮੜੀਆਂ ਮੁਸ਼ਕਲਾਂ; ਉਨਾਂ ਤੇ ਆਈਆਂ
ਉਹ ਲਿਖੀਆਂ ਮੂਲ ਨਾ ਜਾਂਦੀਆਂ, ਨਾ ਜਾਣ ਸੁਣਾਈਆਂ
ਫੜ ਮੂੰਹੀਂ ਬੱਧੇ ਤੋਬਰੇ, ਗੂੰਹ ਭਰੇ ਕਸਾਈਆਂ
ਗੁੰਮ ਹੋ ਗਏ ਜਿਹਨਾਂ ਵੇਖੀਆਂ; ਉਹ ਮਾਰ ਕੁਟਾਰੀਆਂ
ਜੋ ਸਹੇ ਤਸੀਹੇ ਉਨਾਂ ਨੇ, ਕੀ ਕਵਾਂ ਗੁਸਾਈਆਂ
ਸੀ ਸਭ ਕੁਝ ਆਇਆ ਉਨਾਂ ਤੇ,ਮੌਤਾਂ ਨਹੀਂ ਆਈਆਂ
ਪਰ ਜਦ ਇਹ ਸਾਕਾ ਸੁਣ ਲਿਆ, ਭੈਣੀਂ ਦਿਆਂ ਸਾਈਆਂ
ਸੋ ਪੀੜਾਂ ਰਦ ਉਪਕਾਰ ਨੇ; ਲਾ ਚੋਭ ਜਗਾਈਆਂ

ਜਦ ਬੀਹਲਾ ਸਿੰਘ ਮਹਾਰਾਜ ਦੇ, ਦਰਸ਼ਨ ਨੂੰ ਆਇਆ
ਤਦ ਸੈਨਤ ਨਾਲ ਜਨਾਬ ਨੇ, ਝਬ ਕੋਲ ਬੁਲਾਇਆ
ਸਭ ਸੁਖ ਪੁੱਛੀ ਪਰਵਾਰ ਦੀ, ਕਿਵ ਵਕਤ ਵਿਹਾਇਆ
ਕੀ ਕਾਰ ਗੁਜਾਰੀ ਸੰਤ ਜੀ, ਕੀ ਭਜਨ ਕਮਾਇਆ
ਇਹ ਸੁਣ ਕੇ ਬੀਹਲਾ ਸਿੰਘ ਨੇ, ਸਭ ਹਾਲ ਸੁਣਾਇਆ
ਜੋ ਅੰਮ੍ਰਿਤਸਰ ਵਿਚ ਵਰਤਿਆ,ਸਾਕਾ ਸਮਝਾਇਆ
ਜਿਸ ਜਿਸ ਨੇ ਹੈ ਸੀ ਮਾਰਿਆ, ਗਊ ਮਾਂ ਦਾ ਜਾਇਆ
ਉਹ ਸਾਹਿਬਾ ਤੇਰੇ ਆਸਰੇ, ਭਰ ਪੂਰ ਖਪਾਇਆ

ਜਦ ਸਿਖ ਸੁਣਾਈ ਵਾਰਤਾ, ਸੁਣਕੇ ਫਰਮਾਏ
ਉਹ ਬੀਜੀ ਖੇਤੀ ਖਾਲਸੇ, ਫਲ ਦੂਜਾ ਖਾਏ
ਉਇ ਹਕ ਨਾਂ ਛਡਣ ਸੂਰਮੇ, ਨਾ ਲੈਣ ਪਰਾਏ
ਜੋ ਲਗੀ ਵਾਲਾ ਆਦਮੀਂ, ਸਿਰ ਨਾਲ ਨਿਭਾਏ



Sri Satguru Jagjit Singh Ji Elibrary NamdhariElibrary@gmail.com

ਜਿਸ ਡੰਗਰ ਮਰਦੇ ਵੇਖ ਕੇ, ਹਥਿਆਰ ਉਠਾਏ
ਉਹ ਬੰਦੇ ਮਰਦੇ ਵੇਖਕੇ,ਕਿਉਂ ਨੀਵੀ ਪਾਏ
ਹੁਣ ਸਿੱਧਾ ਹੋਕੇ ਖਾਲਸਾ, ਗੁਰ ਫਤੇ ਗਜਾਏ
ਸਿਰ ਦੇਕੇ ਲਵੇ ਸ਼ਹੀਦੀਆਂ ਜਸ ਦੁਨੀਆਂ ਗਾਏ

ਉਹਿ ਸ਼ੇਰਾਂ ਮਰਦਾਂ ਗਾਜ਼ੀਆਂ,ਰਾਹ ਪੈਣ ਅਵੱਲੇ
ਪਰ ਮੂਜੀ ਬੁਜ਼ ਦਿਲ ਹੀਜੜਾ, ਨਿੱਤ ਖਾਵੇ ਖੱਲੇ
ਹੈ ਮਰਦ ਇਕੇਰਾਂ ਜੰਮਦਾ, ਫੜ ਧਰਤ ਉਥੱਲ
ਹੈ ਜੰਮ ਜੰਮ ਮਰਦਾ ਹੀਜੜਾ, ਨਿੱਤ ਪੈਂਦੇ ਪੱਲੇ
ਜਦ ਪਰਖ ਲਈ ਦਸਮੇਸ਼ ਨੇ,ਸਣ ਸੇਵਕ ਘੱਲੇ
ਤਦ ਸਿਦਕ ਪੁਗਾਇਆ ਸਿਦਕੀਆਂ, ਮੂੰਹ ਮੋੜਿਆ ਝੱਲੇ
ਜਾ ਗਲ ਪੁਗਾਉ ਜੋਧਿਉ, ਨਾ ਬਣੋਂ ਨਿਗੱਲੇ
ਕਿਉਂ ਦੁਖ ਤੁਹਾਡੇ ਹੁੰਦਿਆਂ,ਬੇਦੋਸ਼ਾ ਝੱਲੇ

ਸਭ ਸੁਣ ਕੇ ਬੀਹਲਾ ਸਿਘ ਨੇ, ਝਬ ਸੀਸ ਨਿਵਾਇਆ
ਹੈ ਜੋ ਵੀ ਹੁਕਮ ਹਜ਼ੂਰ ਦਾ; ਸੋ ਜਾਉ ਵਜਾਇਆ
ਮੈਂ ਅੰਮ੍ਰਿਤ ਛਕਿਆ ਜਦੋਂ ਸੀ; ਸਿਰ ਭੇਟ ਚੜਾਇਆ
ਹੁਣ ਜਦ ਜੀ ਚਾਹੇ ਵਰਤ ਲੌ, ਹੈ ਹਾਜ਼ਰ ਮਾਇਆ
ਜੋ ਚੀਨੀ ਵਾਲੇ ਗੁਰੂ ਨੇ, ਸੀ ਪਾਠ ਪੜਾਇਆ
ਉਹ ਅੱਖਰ ਅੱਖਰ ਕੂਕਿਆ, ਸਿਰ ਨਾਲ ਪਕਾਇਆ
ਜਦ ਦੀਵੇ ਵਾਂਗੂੰ ਸਿਘ ਦਾ, ਗਿਆ ਇਸ਼ਕ ਜਗਾਇਆ
ਉਹ ਬਣ ਗਿਆ ਰੂਪ ਪਤੰਗ ਦਾ, ਸੜ ਮਰਨਾਂ ਭਾਇਆ

ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ. ..........
ਅਲਮਾਰੀ ..........
ਸਾਹਿਬ



Sri Satguru Jagjit Singh Ji Elibrary NamdhariElibrary@gmail.com

ਉਸ ਕੱਠੇ ਕਰ ਲਏ ਸੂਰਮੇਂ, ਕੂਕੇ ਮਸਤਾਨੇ
ਜਾ ਅੰਮ੍ਰਿਤਸਰ ਵਿਚ ਪੁਜਿਆ, ਕੀਤੇ ਇਸ਼ਨਾਨੇ
ਬੁਕ ਭਰ ਭਰ ਅੰਮ੍ਰਿਤ ਪੀਲਿਆ,ਲਾ ਅਮਰ ਯਰਾਨੇ
ਉਹ ਆਖਣ ਫਾਂਸੀ ਝੂਟਣੀ, ਚੜ੍ਹਨਾਂ ਅਸਮਾਨੇ
ਨਹੀਂ ਅਫਲ ਜਾਂਦਾ ਅਸਾਂ ਦਾ, ਚੜ ਤੀਰ ਕਮਾਨੇ
ਪਰ ਅਜ ਅਸਾਡੇ ਸਾਹਮਣੇ, ਹਨ ਹੋਰ ਨਿਸ਼ਾਨੇ
ਉਇ ਮੂਜੀ ਨਜ਼ਰ ਗੁਜ਼ਾਰ ਦੇ, ਨਜ਼ਰਾਂ ਨਜਰਾਨੇ
ਅਸਾਂ ਲਈਆਂ ਨੇ ਸਰਦਾਰੀਆਂ, ਦੇ ਸੀਸ ਬਿਆਨੇ

ਬਲ ਬਖਸ਼ੀਂ ਚੌਥੇ ਪਾਤਸ਼ਾਹ, ਹੱਸ ਹੱਸ ਕੇ ਮਰੀਏ
ਤੂੰ ਜਿਵੇਂ ਕਰਾਉਣੀ ਚਾਹੁੰਦੇਂ ਗਲ ਉਦਾਂ ਕਰੀਏ
ਜੇ ਰਤ ਵਿਚ ਜ਼ਾਲਮ ਡੋਬਿਆ, ਆਪੀ ਵੀ ਤਰੀਏ
ਅਸੀਂ ਸਿਰ ਲਾ ਬਾਜੀ ਖੇਡੀਏ, ਹਰਗਿਜ ਨਾ ਹਰੀਏ
ਸਾਨੂੰ ਪੰਜਵੇ ਗੁਰ ਨੇ ਦਸਿਆ, ਲਾਟਾਂ ਵਿਚ ਠਰੀਏ
ਫਿਰ ਨੌਵੇਂ ਗੁਰ ਨੇ ਦਸਿਆ, ਸਿਰ ਭੇਟਾ ਧਰੀਏ
ਹਨ ਵਿਰਸੇ ਵਿਚ ਕੁਰਬਾਨੀਆਂ, ਕਰਨੋਂ ਨਾ ਡਰੀਏ
ਸਭ ਲੋਕਾਂ ਅੰਦਰ ਆਂਦਰਾਂ, ਸਾਡੇ ਵਿਚ ਸਰੀਏ

ਫਿਰ ਵਿਚ ਕੁਤਵਾਲੀ ਆਣਕੇ;ਗੱਜੇ ਲਲਕਾਰੇ
ਅਸੀਂ ਉਹ ਹਾਂ ਜਿਨਾਂ ਪੰਜਾਬ ਦੇ, ਫੜ ਬੁਚੜ ਮਾਰੇ
ਅਸੀਂ ਵੈਰੀ ਗਊ ਗਰੀਬ ਦੇ; ਰਤ ਅੰਦਰ ਤਾਰੇ
ਜੋ ਸਿਰ ਜੰਨਤਾ ਦੇ ਚੜੇ ਸੀ, ਲਾਹ ਭਾਰ ਉਤਾਰੇ



Sri Satguru Jagjit Singh Ji Elibrary NamdhariElibrary@gmail.com

ਕਿਉਂ ਤੁਸੀਂ ਬੇਦੋਸ਼ੇ ਆਦਮੀਂ,ਫੜ ਲਏ ਵਿਚਾਰੇ
ਜੇ ਅਸਲੀ ਮੁਲਜ਼ਮ ਮਿਲੇ ਨਾ, ਫੜ ਹੋਰ ਖਲਾਰੇ
ਇਹ ਚਾਲ ਤੁਹਾਡੀ ਵੇਖ ਕੇ, ਗਲ ਆਖਣ ਸਾਰੇ
ਉਇ ਚਾਰ ਦਿਨਾਂ ਦੀ ਚਾਂਦਣੀ, ਮੁੜ ਅੰਧ ਗੁਬਾਰੇ

ਜਦ ਇਹ ਸਰਕਾਰੀ ਹਾਕਮਾਂ, ਗਲ ਸੁਣੀ ਵੀਚਾਰੀ
ਉਨਾਂ ਮੂੰਹ ਵਿਚ ਪਾਈਆਂ ਉਂਗਲਾਂ; ਸੁਣ ਘਟਨਾਂ ਸਾਰੀ
ਸਭ ਫੜ ਹਕੀਕਤ ਸਮਝ ਕੇ, ਪਾ ਕਾਰ ਗੁਜਾਰੀ
ਜੋ ਬਾਕੀ ਕਢੇ ਜਿਹਲ ਚੋਂ ਖੁਲਵਾਕੇ ਬਾਰੀ
ਪਏ ਮੰਨਣ ਲੋਹਾ ਸਿੰਘ ਦਾ ਸਾਰੇ ਸੰਸਾਰੀ
ਭਈ ਕੂਕੇ ਬੰਦੀ ਛੋੜ ਨੇ ਸਿੰਘ ਹਠੀਏ ਭਾਰੀ
ਹੁਣ ਗਊ ਰਖਸ਼ਾ ਦੇ ਨਾਮ ਤੇ ਕਰ ਚੋਰ ਬਜ਼ਾਰੀ
ਪਏ ਬੋਗਸ ਵੋਟ ਖਰੀਦ ਦੇ ਅਜ ਢੇ ਵਾਪਾਰੀ

ਜੋ ਫਾਹੇ ਲਗੇ ਸੂਰਮੇਂ ਦਸਮੇਸ਼ ਦੁਲਾਰੇ
ਉਹ ਰਾਮ ਬਾਗ ਦੇ ਸਾਹਮਣੇ ਚੰਦ ਚਮਕਣ ਚਾਰੇ
ਹੈ ਸੁੱਕਾ ਪਿਪਲ ਅਜ ਵੀ, ਦੇ ਰਿਹਾ ਦੀਦਾਰੇ
ਚੜ ਝੂਟੇ ਜਿਸਦੇ ਟਾਹਣ ਤੇ, ਲੈ ਮਰਦ ਹੁਲਾਰੇ
ਗਲ ਪਾ ਰੇਸ਼ਮ ਦੀਆਂ ਰੱਸੀਆਂ ਗੁਰ ਪੁਰੀ ਸਿਧਾਰੇ
ਸਭ ਜਗ ਨੂੰ ਚਾਨਣ ਕਰ ਗਏ ਜਗ ਸਿਦਕ ਮੁਨਾਰੇ
ਸੀ ਚੀਨੀ ਵਾਲੇ ਗੁਰੂ ਨੇ, ਜੋ ਥੰਮ ਖਲਾਰੇ
ਹੈ ਅਜ ਅਜਾਦੀ ਉਨਾ ਤੇ, ਦੇ ਰਹੀ ਨਜ਼ਾਰੇ



Sri Satguru Jagjit Singh Ji Elibrary NamdhariElibrary@gmail.com

ਇਕ ਫਾਂਸੀ ਲਗਾ ਸੂਰਮਾਂ, ਅਣਖੀ ਮਤਵਾਲਾ
ਓਹ ਬੀਹਲਾ ਸਿੰਘ ਸੀ ਨਾਰਲੀ,ਸਰਦਾਰ
ਇਕ ਹਾਕਮ ਸਿੰਘ ਸੀ ਮੌੜ ਦਾ, ਮਚ ਰਹੀ ਜਵਾਲਾ
ਉਸ ਲਈ ਸੁਹਾਦਤ ਸਾਹਮਣੇ,ਪੀ ਮੌਤ ਪਿਆਲਾ
ਇਕ ਫਤੇ ਸਿੰਘ ਸੀ ਭਾਟੀਆ; ਅੰਮ੍ਰਿਤਸਰ ਵਾਲਾ
ਜੋ ਲੰਡਣ ਦੀ ਸਰਕਾਰ ਦਾ, ਕਢ ਗਿਆ ਦੀਵਾਲਾ
ਜੋ ਫੇਰੀ ਲਹਿਣਾਂ ਸਿੰਘ, ਅਣਖਾਂ ਦੀ ਮਾਲਾ
ਉਹ ਧਰਮੀਂ ਪਾਲੇ ਧਰਮ ਨੂੰ, ਪਾਪੀ ਨੂੰ ਪਾਲਾ

ਚੜ ਚਾਰ ਛੁਟ ਗਏ ਫਾਂਸੀਆਂ ਦੇ, ਕਾਲੇ ਪਾਣੀ
ਪਰ ਦੋਂਹ ਦਾ ਲਗਾ ਪਤਾ ਨਾਂ, ਗਏ ਕਿਥੋਂ ਤਾਣੀਂ
ਸੀ ਡਮ ਡਮ ਵਜੀ ਢੋਲਕੀ, ਗੂੰਜੀ ਗੁਰਬਾਣੀਂ
ਕਿ ਰਖ ਵਿਖਾਈ ਕੂਕਿਆਂ, ਰਹੁਰੀਤ ਪੁਰਾਣੀ
ਸੀ ਜਿਨਾਂ ਗਊਆਂ ਮਾਰੀਆਂ, ਨੀਯਤ ਜਰਵਾਣੀ
ਉਹ ਬੁਚੜ ਵੱਢੇ ਕੂਕਿਆਂ, ਲਾ ਤੇਗਾਂ ਸਾਣੀਂ
ਇਓਂ ਚਾਰ ਵਿਆਹੇ ਮੌਤ ਨੇ, ਅਣਖੀਲੇ ਹਾਣੀਂ
ਜੋ 'ਚਾਤਰ' ਲੀਕਾਂ ਖਿਚੀਆਂ, ਰਹੂ ਅਮਰ ਕਹਾਣੀ



Sri Satguru Jagjit Singh Ji Elibrary NamdhariElibrary@gmail.com

# ਮਲੇਰ ਕੋਟਲੇ ਵਾਲਾ ਸਾਕਾ

ਜਦ ਸੁੱਤਾ ਸ਼ੇਰ ਪੰਜਾਬ ਦਾ, ਤੱਕ ਲਿਆ ਗਦਾਰਾਂ।
ਤਦ ਚਿਠੀ ਪਾ ਕੇ ਸੱਦੀਆਂ, ਪਾਰੋਂ ਸਰਕਾਰਾਂ।
ਆ ਮੁਦਕੀ ਅੰਦਰ ਤੇਗ ਤੋਂ; ਚੈਨ ਚੜੇ ਹਜ਼ਾਰਾਂ।
ਪਰ ਲੱਕ ਲੁਟਾਈ ਭੇਤੀਆਂ, ਗੋਰੇ ਦਿਆਂ ਫ਼ੌਜਾਂ।
ਫਿਰ ਵਿਚ ਸਭਰਾਵਾਂ ਖਾਲਸੇ; ਬੱਧੀਆਂ ਦਸਤਾਰਾਂ।
ਪਰ ਉਹ ਵੀ ਖੱਫਣ ਹੋ ਗਈਆਂ, ਤਕਦੀਰੀ ਹਾਰਾਂ।

ਲੈ ਲੀਤੇ ਕੁਲ ਅੰਗਰੇਜ਼ ਨੇ, ਹਥਿਆਰ ਚੁਕੰਨੇ।
ਪਾ ਨੱਥਾਂ ਸ਼ੇਰ ਪੰਜਾਬ ਦੇ, ਕਿਲਿਆਂ ਤੇ ਬੰਨੇ।
ਫੜ ਸੱਪ ਖੜੱਪੇ ਕੀਲ ਕੇ, ਕਰ ਛੱਡੇ ਅੰਨੇ।
ਇਉਂ ਪੀੜੀ ਅਣਖ ਪੰਜਾਬ ਦੀ, ਜਿਉਂ ਵੇਲਣ ਗੰਨੇ।
ਜਦ ਬਾਜੀ ਹਰ ਜਾਏ ਕਿਸੇ ਦੀ, ਕਿਸਮਤ ਨਾ ਮੰਨੇ।
ਤਦ ਬਕਰੀ ਚੜ ਜਾਏ ਸ਼ੇਰ ਤੇ, ਚੜ੍ਹ ਪਾਸੇ ਭੰਨੇ।

ਕੁਲ ਬੰਦੋਬਸਤ ਅੰਗਰੇਜ਼ ਨੇ, ਹੁਣ ਨਵੇਂ ਸੰਭਾਲੇ।
ਕਈ ਨਵੀਆਂ ਪਾਈਆਂ ਛੌਣੀਆਂ, ਸਰਹੱਦ ਉਦਾਲੇ।
ਕਈ ਭਰਤੀ ਕੀਤੇ ਗਭਰੂ, ਮੱਖਣਾਂ ਦੇ ਪਾਲੇ।
ਕਈ ਫਾਂਸੀ ਲਾਏ ਸੂਰਮੇਂ, ਜੋਧੇ ਕਣ ਵਾਲੇ।
ਮੂੰਹ ਮੁੜ ਗਏ ਤੀਰ ਤੁਫੰਗ ਦੇ, ਜੰਗ ਖਾਧਾ ਭਾਲੇ।
ਬੱਸ ਵੱਜ ਗਏ ਸ਼ੇਰ ਪੰਜਾਬ ਦੀ, ਕਿਸਮਤ ਨੂੰ ਤਾਲੇ।



Sri Satguru Jagjit Singh Ji Elibrary NamdhariElibrary@gmail.com

ਇਉਂ ਗੋਰੇ ਗੋਸ਼ਤ ਖੋਰ ਸੀ, ਰਹਿੰਦੇ ਹਲਕਾਏ ।
ਇਨਾਂ ਬੁਚੜਖਾਨੇ ਆਣ ਕੇ; ਹਰ ਜਗ੍ਹਾ ਬਣਾਏ ।
ਜਦ ਚੱਲੇ ਗਊ ਗਰੀਬ ਤੇ, ਖਪਰੇ ਤ੍ਰਿਹਾਏ ।
ਮੂੰਹ ਚੁਕ ਅੜਿੰਗੇ ਅਰਸ਼ ਨੂੰ, ਗਊਆਂ ਦੇ ਜਾਏ ।
ਕੋਈ ਘੱਲੀਂ ਮਰਦ ਅਗੰਮੜਾ ਸਿਰ ਤਲੀ ਟਿਕਾਏ ।
ਸਾਨੂੰ ਕੱਢੇ ਬੁਚੜ-ਖਾਨਿਓਂ ਉਪਕਾਰ ਕਮਾਏ ।

ਇਹ ਕੂਕ ਸੁਣੀ ਕਰਤਾਰ ਨੇ, ਸਤਵੇਂ ਅਸਮਾਨੀ ।
ਉਸ ਘਲਿਆ ਇਕ ਪਰੇਰਕੇ, ਸੂਰਾ ਲਾਸਾਨੀ ।
ਉਹ ਗੁਰ ਨਾਨਕ ਦੀ ਜੋਤ ਸੀ ਰੰਗ ਰੂਪ ਰੁਬਾਨੀ ।
ਉਸ ਸਿਮਰ ਸਿਮਰ ਗੁਰਦੇਵ ਨੂੰ ਕੀਲੇ ਅਭਿਮਾਨੀ ।
ਭਰ ਨੈਣ ਜਿਨ੍ਹੇ ਵੀ ਵੇਖਿਆ ਚੜ੍ਹ ਗਈ ਗਿਰਾਨੀ ।
ਉਹ ਸੂਰਜ ਬਣ ਕੇ ਚਮਕਿਆ, ਵਿਚ ਦੋਹੀਂ ਜਹਾਨੀ ।

ਸੀ ਰੌਲਾ ਪਿਆ ਸਮਾਜ ਦਾ, ਬੇਈਮਾਨੀ ਚੱਲੀ ।
ਆ ਸਾਧਾਂ ਦੀ ਥਾਂ, ਜਗ ਤੇ ਚੋਰਾਂ ਨੇ ਮੱਲੀ ।
ਕੋਈ ਅਬਲਾ ਜਾ ਨਾ ਸਕਦੀ, ਕਿਧਰੇ ਵੀ ਕੱਲੀ ।
ਸ਼ੀਹ ਰਾਜੇ ਕੁੱਤੇ ਅਹਿਦੀਏ, ਸਭ ਦੁਨੀਆਂ ਝੱਲੀ ।
ਜਦ ਵੱਜੀ ਹਰ ਇਕ ਮੰਦਰੀਂ, ਖਤਰੇ ਦੀ ਟੱਲੀ ।
ਤਦ ਅਰਸ਼ੋਂ ਨਾਨਕ ਗੁਰੂ ਨੇ, ਰੂਹ ਆਪਣੀ ਘੱਲੀ ।

ਉਸ ਕਲਜੁਗ ਅੰਦਰ ਆ ਕੇ, ਸਤਜੁਗ ਵਰਤਾਇਆ ।
ਉਸ ਸੁੱਤਾ ਮੁਲਕ ਪੰਜਾਬ ਦਾ, ਲਾ ਅਣਖ ਜਗਾਇਆ ।



Sri Satguru Jagjit Singh Ji Elibrary NamdhariElibrary@gmail.com

ਉਸ ਕੰਨਾਂ ਮੰਨਾਂ ਜੀਰਦਿਆਂ; ਕੰਨਾਂ ਵਿਚ ਪਾਇਆ।
ਉਹ ਬਣਿਆ ਸਾਧ ਸ਼ੈਤਾਨ ਤੋਂ, ਅਸਚਰਜ਼ ਵਿਖਾਇਆ।
ਜਦ ਪੈਂਦਾ ਡਿੱਠਾ ਜੱਗ ਤੇ, ਜ਼ੁਲਮਾਂ ਦਾ ਸਾਇਆ।
ਤਦ ਜੁਗ ਜੁਗ ਭਗਤ ਉਪਾਇਕੇ,ਪੈਜ ਰਖੰਦਾ ਆਂਇਆ।

ਉਹ ਚੀਨੀ ਵਾਲਾ ਸੂਰਮਾਂ, ਪਦੇ ਆਖਣ ਦਾਨੇ।
ਉਹ ਸੋਹਣੀ ਜਗਦੀ ਜੋਤ ਦੇ, ਆਸ਼ਕ ਪਰਵਾਨੇ।
ਉਸ ਖਿੜੇ ਰੂਹਾਨੀ ਫੁੱਲ ਦੇ, ਭੌਰੇ ਮਸਤਾਨੇ।
ਉਹ ਨਾਮ ਖੁਮਾਰੀ ਵੰਡਦਾ, ਲੈ ਪੀਣ ਦੀਵਾਨੇ।
ਉਹ ਜਿਥੇ ਜਿਥੇ ਵੱਸਿਆ, ਖਿੜ ਗਏ ਵੀਰਾਨੇ।
ਆ ਦਿਲਬਰ ਨਜਰ ਗੁਜ਼ਾਰਦੇ, ਦਿਲ ਦੇ ਨਜ਼ਾਰੇ।

ਜੋ ਹੈਸਨ ਚੇਲੇ ਓਸ ਦੇ, ਉਸ ਤੋਂ ਵੀ ਪੱਕੇ।
ਨਾ ਕਾਣ ਕਿਸੇ ਦੀ ਭਲਦੇ, ਨਾ ਸਹਿੰਦੇ ਧੱਕੇ।
ਉਨਾਂ ਥਾਂ ਥਾਂ ਵੈਰੀ ਧਰਮ ਦੇ, ਧਰਤੀ ਤੋਂ ਚੱਕੇ।
ਉਨਾਂ ਜ਼ਾਲਮ ਗੁਜਾਰਦੇ, ਖੰਡ ਵਾਂਗੂ ਫੱਕੇ।
ਜਦ ਰੋਹੜੇ ਰਤ ਵਿਚ ਕੂਕਿਆਂ, ਜ਼ਾਲਮ ਦੇ ਸੱਕੇ।
ਤਦ ਹਲ ਚਲ ਪੈ ਗਈ, 'ਚਾਤਰਾ', ਲੰਡਨ ਦੇ ਮੱਕੇ।

ਸਿੰਘ ਮਾਘੀ ਮੇਲਾ ਕਰਨ ਨੂੰ, ਚਲ ਭੈਣੀ ਆਏ।
ਹੋ ਹਾਜ਼ਰ ਸ੍ਰੀ ਹਜੂਰ ਦੇ, ਦੀਵਾਨ ਸਜਾਏ।
ਲੈ ਕੁੱਟੇ ਛੈਣੇ ਢੋਲਕੀ, ਯੱਸ ਗੁਰ ਦੇ ਗਾਏ।
ਜ਼ੀ ਖੋਲ ਖੋਲ ਮਸਤਾਨਿਆਂ, ਨਚ ਤਾਲ ਮਿਲਾਏ।



Sri Satguru Jagjit Singh Ji Elibrary NamdhariElibrary@gmail.com

ਜੋ ਕੇਸਾਂ ਕਾ ਕਰ ਲਿਖਿਆ, ਸੋ ਚਵਰ ਝੁਲਾਏ।
ਜੇ ਵੇਖ ਲਵੇ ਵਡਭਾਗ ਸਿੰਘ, ਮੂੰਹ ਨੀਵਾਂ ਪਾਏ।

ਸੀ ਜੋ ਫਾਂਸੀ ਤੇ ਚੜ੍ਹਦਿਆਂ, ਨ ਕੰਬੇ ਥਿੜਕੇ।
ਜਿਨ੍ਹਾਂ ਖੋਹੀ ਛੁਰੀ ਜਲਾਦ ਦੀ, ਗਊਆਂ ਤੋਂ ਚਿੜਕੇ।
ਜਿਨ੍ਹਾਂ ਲਈ ਸ਼ਹੀਦੀ ਸੂਰਿਆਂ, ਹਥੋ ਹੱਥ ਭਿੜਕੇ।
ਜਿਨ੍ਹਾਂ ਜ਼ਾਲਮ ਜ਼ੁਲਮ ਗੁਜਾਰਦੇ, ਮਾਰੇ ਤੇ ਝਿੜਕੇ।
ਜਿਨ੍ਹਾਂ ਕੇਸਰ ਦੀ ਥਾਂ ਧਰਮ ਨੂੰ, ਲਹੂ ਆਪਣੇ ਛਿੜਕੇ।
ਲਾ ਵਾਰਾਂ ਗਾਈਆਂ, ਕੂਕਿਆਂ ਉਨ੍ਹਾਂ ਦੀਆਂ ਤਿੜਕੇ।

ਤਦ ਉਬਲੀ ਰੱਤ ਪਿਆਰ ਦੀ, ਮਸਤਾਨੇ ਨੱਚੇ।
ਉਹ ਅਣਖ ਸ਼ਰਾਰੇ ਸਾਹਮਣੇ, ਅਣਖੀ ਦੇ ਮੱਚੇ।
ਉਹ ਰੋਹ ਵਿਚ ਟੁੱਕਣ ਉਂਗਲਾਂ, ਸ਼ੇਰਾਂ ਦੇ ਬੱਚੇ।
ਕਈ ਆਏ ਵਿਚ ਵੈਰਾਗ ਦੇ, ਭਰ ਨੈਣ ਚੁਬੱਚੇ।
ਕਈ ਆਖਣ ਮਿਲਣ ਗਦਾਰ ਜੇ, ਖਾ ਜਾਈਏ ਕੱਚੇ।
ਜਿਨ੍ਹਾਂ ਫ਼ਾਂਸੀ ਲਾਏ 'ਚਾਤਰਾ', ਧਰਮੀਂ ਤੇ ਸਚੇ।

ਫਰਵਾਹੀ ਗੁਰਮੁਖ ਸਿੰਘ ਨੇ, ਇਉਂ ਕਿਹਾ ਖਲੋ ਕੇ।
ਗਲ ਸੁਣ ਲੋ ਜਿਗਰੇ ਵਾਲਿਓ ਹਥ ਜਿੰਦੋਂ ਧੋ ਕੇ।
ਹੁਣ ਪਾਣੀ ਲੰਘਦਾ ਜਾ ਰਿਹਾ, ਉੱਤੋਂ ਦੀ ਹੋਕੇ।
ਜੇ ਸਿੰਘ ਨਾ ਰੋਕਣ ਜ਼ੁਲਮ ਨੂੰ, ਨੱਕ ਮਰਨ ਡਬੋ ਕੇ।
ਜਿਨ੍ਹਾਂ ਹਥੋਂ ਅਣਖਾਂ ਦਿਤੀਆਂ, ਦਿਨ ਕਟੇ ਰੋ ਕੇ।
ਉਹ ਪਾਉਂਦੇ ਨੇ ਸ਼ਰਮਿੰਦਗੀ, ਗਲ ਹਾਰ ਪਰੋਕੇ।

ਜਿਦਾ ਜੀਵਨ ਜੋਗਾ; ਧਰਤ ਦੇ ਧੁਰ ਹੇਠ ਖਲੋਵੇ।



Sri Satguru Jagjit Singh Ji Elibrary NamdhariElibrary@gmail.com

ਜਿਦਾ ਸਾਰੀ ਦੁਨੀਆਂ ਵਾਸਤੇ, ਰਜ ਮੁੜ੍ਹਕਾ ਚੋਵੇ ।
ਜਿਦੀ ਘਾਲ ਕਮਾਈ ਜੱਗ ਦੀ ਗੁਰਬਤ ਨੂੰ ਖੋਵੇ ।
ਦੋ ਵੇਲੇ ਧਾਰਾਂ; ਜਿਸ ਤੋਂ ਕੁਲ ਦੁਨੀਆਂ ਚੋਵੇ ।
ਉਹ ਹਥ ਆਈ ਜਲਾਦ ਦੇ; ਗਊ ਮਾਤਾ ਰੋਵੇ ।
ਪਰ ਇਹ ਤਾਂ ਮਿਹਣਾਂ ਮਿਤਰੋਂ, ਮਰਦਾਂ ਨੂੰ ਹੋਵੇ ।

ਅਜੇ ਕਲ ਮਲੇਰੀ ਕੋਟਲੇ, ਹੋਇਆ [illegible] ਕਾਰਾ।
ਸੀ ਬੌਲਦ ਕਾਬੂ ਮਹਿਰ ਦੇ, ਬੇ ਬੱਸ ਵਿਚਾਰਾ ।
ਉਸ ਉਤੇ ਚੋਖਾ ਭਾਰ ਸੀ, ਝਲੇ ਦੁਖਿਆਰਾ ।
ਸੀ ਰਾਈਂ ਉਤੇ ਭਾਰ ਦੇ, ਭਾਰੇ ਤੋਂ ਭਾਰਾ ।
ਮੈਂ ਹਉਕਾ ਭਰਿਆ ਵੇਖ ਕੇ, ਇਹ ਜ਼ੁਲਮ ਨਜ਼ਾਰਾ ।
ਪਰ ਕੀ ਕਰਦਾ ਲਾਚਾਰ ਸਾਂ; ਚਲਿਆ ਨਾ ਚਾਰਾ ।

ਸ੍ਰੀ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ:
ਅਲਮਾਰੀ
ਸ੍ਰੀ ਭੈਣੀ ਸਾਹਿਬ

ਮੈਂ ਆਖ਼ਿਰ ਆਖਿਆ ਮਹਿਰ ਨੂੰ, ਕਿਉਂ ਕਹਿਰ ਕਮਾਵੇਂ।
ਤੂੰ ਬੰਦਾ ਵਿਚ ਮੁਕਾਬਲੇ, ਇਹ ਡੰਗਰ ਭਾਵੇਂ ।
ਜਿੰਦ ਤੇਰੇ ਵਰਗੀ ਏਸਦੀ, ਪਰ ਰਹਿਮ ਨਾ ਖਾਵੇਂ ।
ਕਿਉਂ ਭਾਰ ਭਾਰ ਤੇ ਚਾੜ੍ਹਕੇ, ਬੇਦੋਸ਼ ਸਤਾਵੇਂ ।
ਜੇ ਭਾਰ ਤੇਰੇ ਤੇ ਲੱਦੀਏ, ਏਸੇ ਦੇ ਸਾਵੇਂ ।
ਫਿਰ ਕਿਵੇਂ ਮੁਕਾਵੇਂ ਮੰਜ਼ਲਾਂ, ਕਿਧਰ ਨੂੰ ਜਾਵੇਂ ।

ਫਿਰ ਕੀ ਸੀ ਕਾਜੀ ਪੈ ਗਿਆ; ਗਲ ਭਰਿਆ ਪੀਤਾ ।
ਨਾ ਅੱਗਾ ਪਿੱਛਾ ਵੇਖਿਆ, ਫਾਹ ਬੌਲਦ ਲੀਤਾ ।
ਉਸ ਰੱਖੀ ਛੁਰੀ ਬੇਦੋਸ਼ ਤੇ, ਬਿਸਮਿਲਾ ਕੀਤਾ ।



Sri Satguru Jagjit Singh Ji Elibrary NamdhariElibrary@gmail.com

ਇਉਂ ਬੇਜ਼ਬਾਨ ਆੜਿੰਗਿਆ ਜਿਉਂ ਜ਼ਖਮੀ ਚੀਤਾ।
ਜਦ ਮੱਛੀ ਵਾਂਗੂ ਤੜਫਿਆ, ਬੌਂਲਦ ਭੈ ਭੀਤਾ।
ਮੇਰੇ ਅੰਦਰ ਬਦਲਾ ਲੈਣ ਦਾ, ਲਗ ਗਿਆ ਪਲੀਤਾ।

ਮੈਂ ਓਦੋਂ ਤੋਂ ਹਾਂ ਸੜ ਰਿਹਾ ਕੋਈ ਸਾੜ ਮਿਟਾਓ।
ਜਿਸ ਫੇਰੀ ਛੁਰੀ ਬੇਦੋਸ਼ ਤੇ, ਉਸਨੂੰ ਝਟਕਾਓ।
ਇਹ ਲਾਅਨਤ ਵਡੀ ਦੇਸ ਚੋਂ ਫੜ ਪਾਰ ਪੁਚਾਓ।
ਕੋਈ ਕਰੇ ਵਧੀਕੀ ਕਦੇ ਨਾ, ਹਥ ਐਸੇ ਲਾਓ।
ਜੇ ਨਹੀਂ ਤਾਂ ਤੋਲਾ ਸੰਖੀਆ; ਮੇਰੇ ਮੂੰਹ ਪਾਓ।
ਮੈਨੂੰ ਇਸ ਜੀਵਨ ਤੋਂ ਦੋਸਤੋ ਆਜ਼ਾਦ ਕਰਾਓ।

ਸੁਣ ਗੁੱਸਾ ਖਾਧਾ ਕੂਕਿਆਂ ਅਰਦਾਸ ਸੁਧਾਈ।
ਅਸੀਂ ਆਏ ਚੀਨੀ ਵਾਲਿਆ ਤੇਰੀ ਸ਼ਰਨਾਈ।
ਤੈਨੂੰ ਰਖਿਆ ਦੀਨ ਗਰੀਬ ਦੀ ਹੈ ਕਰਨੀ ਆਈ।
ਤੂੰ ਹਰ ਦੀ ਐਕੜ ਝੱਲਦੈਂ ਲੈ ਪੀੜ ਪਰਾਈ।
ਤੂੰ ਰਾਮ ਰੂਪ ਹੈਂ ਰਾਮ ਤੋਂ ਦੇ ਰਿਹਾ ਦਿਖਾਈ।
ਜਿਸ ਓਟ ਤਕਾ ਲਈ ਸਤਗੁਰਾਂ ਜਮ ਤ੍ਰਾਸ ਮਿਟਾਈ।

ਹੇ ਸਤਿਗੁਰ ਨਿਰਬਲ ਅਸੀਂ ਹਾਂ ਬਲ ਆਪਣਾ ਭਰਦੇ।
ਕੁਝ ਚਿਣਗ ਚਵਾਤੀ ਨਾਮ ਦੀ, ਮਨ ਅੰਦਰ ਧਰਦੇ।
ਅਸੀਂ ਚਿੜੀਆਂ ਵਰਗੇ ਜੀਵ ਹਾਂ,ਬਾਜ਼ਾਂ ਤੁਲ ਕਰਦੇ।
ਪਾ ਝਾਤੀ ਨੂਰੀ ਨਜ਼ਰ ਚੋਂ, ਹਾਂ ਕੂਕਰ ਦਰਦੇ।
ਜਿਉਂ ਅਗੇ ਆਏ ਸੂਰਮੇ, ਰਤ ਕਾਂਗਾਂ ਤਰਦੇ।
ਤਿਉਂ ਤਰਨ ਲਗੇ ਨੇ 'ਚਾਤਰਾ'; ਅਜ ਤੇਰੇ ਬਰਦੇ।



Sri Satguru Jagjit Singh Ji Elibrary NamdhariElibrary@gmail.com

ਹੰਡਿਆਏ ਵਾਲੀ ਇੰਦ ਨੇ, ਕੋਠੇ ਤੇ ਚੜ੍ਹ ਕੇ।
ਲਾਹ ਸਿਰ ਤੋਂ ਪੱਲੂ ਫੇਰਿਆ, ਅੱਖਾਂ ਵਿਚ ਸੜ ਕੇ।
ਅਜ ਉਠੋ ਮਰਦੋ ਕੂਕਿਓ; ਗੁਰ ਮੰਤਰ ਪੜ੍ਹ ਕੇ।
ਸਿਰ ਦੇਕੇ ਲਵੋ ਸ਼ਹੀਦੀਆਂ, ਤਕਦੀਰਾਂ ਘੜਕੇ।
ਜਿਸ ਧਰਮੋਂ ਮੂੰਹ ਨਾ ਮੋੜਿਆ, ਸਿਰ ਦਿਤਾ ਲੜ ਖੇ।
ਉਹਦਾ ਧੜ ਵੀ ਧੌਂੜੇ ਲਾਏਗਾ, ਜ਼ਾਲਮ ਦੇ ਫੜ ਕੇ।

ਫਿਰ ਸੌ ਸਵਾ ਸੌ ਹੋਰ ਵੀ, ਨਿਕਲੇ ਪਰਵਾਨੇ।
ਉਨ੍ਹਾਂ ਪੀਤੇ ਰੇਠੇ ਰਗੜ ਕੇ, ਲਾਹ ਸੰਗ ਬਹਾਨੇ।
ਉਨ੍ਹਾਂ ਅੰਤਮ ਮਥਾ ਟੇਕਿਆ, ਹੱਥ ਬਧੇ ਗਾਨੇ।
ਤੂੰ ਬਿਰਧ ਪਛਾਣੀਂ ਸਤਿਗੁਰਾਂ, ਕਿਹਾ ਇਕ ਜ਼ਬਾਨੇ।
ਅਸੀਂ ਆਸ਼ਕ ਤੇਰੇ ਨਾਮ ਦੇ, ਕਮਲੇ ਮਸਤਾਨੇ।
ਸਾਨੂੰ ਬਖਸ਼ ਸ਼ਹੀਦੀ ਪਾਲੀਏ; ਸਿਰ ਨਾਲ ਯਰਾਨੇ।

ਫਿਰ ਲੰਘਰ ਛਡ ਕੇ ਸਾਰਿਆਂ; ਰਾਹ ਪੈਂਡੇ ਮੱਲੇ।
ਬਲ ਬਖਸ਼ੀਂ ਤੇਗ ਬਹਾਦਰਾ, ਹਾਂ ਜੂਝਣ ਚੱਲੇ।
ਸਿਰ ਨਾਲ ਸ਼ਹੀਦੀ ਲਵਾਂਗੇ, ਕਰ ਭਾਅ ਸੁਵੱਲੇ।
ਅਸੀਂ ਲੱਖ ਲੱਖ ਨੂੰ ਸੋਧੀਏ, ਰਣ ਵਿਚ ਇਕੱਲੇ।
ਸਾਨੂੰ ਸਾਰੀ ਦੁਨੀਆਂ ਆਖਦੀ, ਕਮਲੇ ਤੇ ਝੱਲੇ।
ਪਰ ਲਗੀਆਂ ਵਾਲਾ ਜਾਣਦਾ; ਫੁੱਟ ਜ਼ਿਹਦੇ ਅੱਲੇ।

ਫਿਰ ਹੀਰਾ ਸਿੰਘ ਗੜੇਵਾਲ ਨੇ; ਇਕ ਲੀਕ ਵਗਾਦੀ
ਟੱਪ ਲੀਕੋਂ ਗਲ ਸਰਦਾਰ ਨੇ, ਇਓਂ ਆਖ ਸੁਣਾਦੀ।



Sri Satguru Jagjit Singh Ji Elibrary NamdhariElibrary@gmail.com

ਜਿਸ ਧਰਮੋਂ ਮੂੰਹ ਨਾ ਮੋੜਨਾ, ਲੈ ਪੀੜ ਪਰਾਈ।
ਜਿਦੇ ਪਿਉ ਦਾਦੇ ਨੇ ਦੋਸਤੋ, ਨਹੀਂ ਲੀਕ ਲਵਾਈ।
ਜਿਸ ਗਊ ਹਤਿਆਰੇ ਵਢਣੇ ਦਿਲ ਪੱਕ ਪਕਾਈ।
ਉਹ ਲੰਘੇ ਏਸ ਲਕੀਰ ਨੂੰ, ਸਿਰ ਦੇਵੇ ਸਾਈਂ।

ਜੋ ਟੱਪੇ ਆਣ ਲਕੀਰ ਤੋਂ, ਸਨ ਇਕ ਸੌ ਸਾਲ਼ੀ।
ਜਿਨ੍ਹਾਂ ਅਣਖ ਆਨ ਗੁਰ ਸਿਖ ਦੀ; ਸਿਰ ਨਾਲ ਸੰਭ
ਜਿਨ੍ਹਾਂ ਅੰਦਰ ਲਾਟ ਅਗਮ ਦੀ, ਸਤਿਗੁਰ ਨੇ ਬਾਲ਼ੀ।
ਪਏ ਆਖਣ ਚੀਨੀ ਵਾਲਿਆ ਰਖੀਂ ਰਖਵਾਲ਼ੀ।
ਅਸੀਂ ਲੈ ਕੇ ਤੇਰਾ ਆਸਰਾ ਜੋ ਤੇਗ ਸੰਭਾਲ਼ੀ।
ਤੂੰ ਕਰੀਂ ਮੁਰਾਦਾਂ ਪੂਰੀਆਂ ਰਹਿ ਜਾਵੇ ਲਾਲ਼ੀ।

ਤੁਰ ਪਏ ਅਰਦਾਸਾ ਸੋਧ ਕੇ ਬੰਨ ਸਿਰੀਂ ਮੁੜਾਸੇ।
ਓ ਸ਼ੇਰਾਂ ਵਾਂਗੂੰ ਬੁਕੱਦੇ, ਸਤਿਗੁਰ ਭਰਵਾਸੇ।
ਜੋ ਅਗੇ ਰੋੜ ਅਟਕਿਆ, ਕੀਤਾ ਇਕ ਪਾਸੇ।
ਦੇ ਦਿਤੇ ਲਾੜੀ ਮੌਤ ਨੂੰ, ਹਰ ਤਰਾਂ ਦਿਲਾਸੇ।
ਜਿਸ ਰਾਹੋਂ ਕੂਕੇ ਲੰਘਦੇ, ਲੈ ਹਥ ਗੰਡਾਸੇ।
ਪਏ ਜ਼ਾਲਮ ਲੁਕਦੇ ਅੰਦਰੀਂ, ਡਰ ਨਾਲ ਹਰਾਸੇ।

ਸੰਨ ਠਾਰਾਂ ਸੌ ਬਹਤਰਾਂ ਮਾਘੀ ਦੇ ਪਾਲੇ।
ਜਦ ਪੁਜੇ ਅੰਚਰ ਕੋਕਲੇ, ਕੂਕੇ ਮਤਵਾਲੇ।
ਲੰਘ ਕੇ ਢਾਬੀ ਦਰਵਾਜਿਉਂ, ਹਥਿਆਰ ਸੰਭਾਲੇ।
ਜੋ ਅੜਿਆ ਜਮ ਪੁਰ ਭੇਜਿਆ; ਕਰ ਮੌਤ ਹਵਾਲੇ।



Sri Satguru Jagjit Singh Ji Elibrary NamdhariElibrary@gmail.com

ਫਿਰ ਬੁਚੜਖਾਨੇ ਪਹੁੰਚ ਕੇ, ਉਹ ਹਥ ਵਿਖਾਲੇ।
ਜੋ ਰਹਿ ਗਏ ਬੁਚੜ ਬੀਜਵੀ, ਭੁਲੇ ਨਹੀਂ ਹਾਲੇ।

ਪਈ ਹਫਤਾ ਦਫਰੀ ਸ਼ਹਿਰ ਨੂੰ, ਲੋਕੀਂ ਘਬਰਾਏ।
ਇਹ ਕਿਥੇ ਜੰਮੇ ਜੰਮ ਨੇ; ਕੋਈ ਸਮਝ ਨਾ ਆਏ।
ਜਿਸ ਆ ਪਾਜੀ ਨੇ ਸਾਹਮਣੇ; ਹਥਿਆਰ ਉਠਾਏ।
ਉਹਦੀ ਅਚਲੋਂ ਟੁਟੀ ਡੋਰ ਨੂੰ, ਗੰਢ ਤਿਰੁੜਾ ਲਾਏ।
ਸਿੰਘ ਗੁਰਮੁਖ ਸਿੰਘ ਦੀ ਗਲ ਲੈ, ਹੈਸੀ ਚਮਕਾਏ।
ਓਹਨਾਂ ਭਰ ਭਰ ਬੇੜੇ ਜੁਲਮ ਦੇ, ਰੱਤ ਧਾਰ ਬਹਾਏ।

ਸੁਣ ਆਏ ਵਿਚ ਮੁਕਾਬਲੇ, ਚੁਗਿਰਦੋਂ ਠਾਣੇ।
ਇਕ ਅਹਿਮਦ ਖਾਂ ਕੁਤਵਾਲਸੀ, ਕੁਲ ਦੁਨੀਆਂ ਜਾਣੇ।
ਤੇ ਮੁਨਸ਼ੀ ਹਾਫ਼ਜ਼ ਅਲੀ ਵੀ, ਕਰ ਜ਼ੋਰ ਧਿੰਗਾਣੇ।
ਲੈ ਧਾੜ ਪੁਲਸ ਦੀ ਆ ਖਿਆ, ਬਦਲਾ ਦੇ ਬਾਣੇ।
ਪਰ ਸਿੰਘਾਂ ਭੰਨੇ ਖੋਪਰੇ, ਜੀਕਣ ਹਦਵਾਣੇ।
ਰੱਤ ਚੱਲੀ ਉਠੇ ਬੁਲਬੁਲੇ, ਸਾਗਰ ਸ਼ਰਮਾਣੇ।

ਸੀ ਚਾਹੇ ਖੁਦਾਈਆ ਸੂਰਮਾ, ਆਪਣੇ ਨੂੰ ਕਹਿੰਦਾ।
ਤੇ ਮਰਦ ਸ਼ਹਾਦਤ ਖਾਨ ਵੀ, ਬਣ ਠਣਕੇ ਰਹਿੰਦਾ।
ਸੀ ਗਾਜ਼ੀ ਅਬਦੁਲ ਰਹੀਮ ਖਾਂ, ਨਿਤ ਕੰਧੀ ਖਹਿੰਦਾ।
ਗੁਲਾਮ ਮੁਹੰਮਦ ਸਾਹਮਣੇ; ਸਿਰ ਸੱਟਾਂ ਸਹਿੰਦਾ।
ਸੀ ਸੌ ਸਿਪਾਹੀ ਇਕ ਦੇ, ਨਿੱਤ ਤਾਬੇ ਰਹਿੰਦਾ।
ਇਹ ਗੱਲਾ ਮੁਲਕਲਾ ਮੌਤ ਤੋਂ; ਵੀ ਨਹੀਂ ਸੀ ਢਹਿੰਦਾ।



Sri Satguru Jagjit Singh Ji Elibrary NamdhariElibrary@gmail.com

ਪਰ ਕੂਕੇ ਖਫਣ ਬੰਨ੍ਹ ਕੇ; ਰਣ ਵਿਚ ਲਲਕਾਰੇ।
ਲੈ ਆਓ ਬੁਚੜੇ ਆਪਣੇ; ਕੁਲ ਯਾਰ ਪਿਆਰੇ।
ਅਸੀਂ ਇਕੋ ਵਾਰੇ ਮਾਰਕੇ; ਲਾਹ ਸੁਟੀਏ ਭਾਰੇ।
ਅਸੀਂ ਫਰਜ਼ ਨਿਭਾ ਕੇ ਪੁਜੀਏ, ਸਤਿਗੁਰੂ ਦੁਆਰੇ।
ਜੋ ਗਊ ਗਰੀਬਾਂ ਵਾਸਤੇ, ਹੈਸੀ ਹਤਿਆਰੇ।
ਉਹ ਸਿੰਘਾਂ ਦੀ ਤਲਵਾਰ ਨੇ, ਚੁਣ ਚੁਣ ਕੇ ਮਾਰੇ।

ਜੋ ਅਣਖੀ ਮਾਂ ਦਾ ਪੁਤ ਹੈ, ਉਹ ਆਵੇ ਅੱਗੇ।
ਅਜ ਤੇਗ ਅਸਾਡੀ ਦੁਸ਼ਟ ਨੂੰ, ਰਣ ਅੰਦਰ ਠੱਗੇ।
ਅਸੀਂ ਸੱਟਾਂ ਮਾਰ ਬਹਾਦੀਏ; ਖਾਨਾਂ ਦੇ ਘੱਗੇ।
ਅਸੀਂ ਮੌਤਾਂ ਅੰਦਰ ਜ਼ਹਿਰ ਦੇ, ਵੰਡਣ ਹਾਂ ਲੱਗੇ।
ਕੋਈ ਰਹੇ ਨਾ ਵਿਰਵਾ ਫਾਇਦਿਓ; ਲੈ ਪੂਰੇ ਸੱਗੇ।
ਅਸੀਂ ਆਏ ਅੱਜ ਛੁਡਾਉਣ ਹਾਂ, ਗਊਆਂ ਤੇ ਵੱਗੇ।

ਵਧ ਹੀਰਾ ਸਿੰਘ ਗਰੇਵਾਲੀਆ, ਤਲਵਾਰ ਚਲਾਵੇ।
ਉਹਦਾ ਵਾਰ ਇੱਕਲਾ ਦੋ ਹ ਨੂੰ, ਧਰਤੀ ਤੇ ਪਾਵੇ।
ਫੇ ਲਹਿਣਾ ਸਿੰਘ ਵੀ ਜਿਸਨੂੰ, ਕਢ ਮੌਤ ਵਿਖਾਵੇ।
ਉਹ ਦੋ ਗਜ਼ ਧਰਤੀ ਮੰਗਦਾ, ਛਡ ਕੂੜੇ ਦਾਵੇ।
ਇਹ ਦੋਵੇਂ ਮੌਤਾਂ ਵੰਡਦੇ, 'ਚਾਤਰ' ਵਰਤਾਵੇ।
ਜੋ ਕਰੇ ਚੜ੍ਹਾਈ ਇਨ੍ਹਾਂ ਤੇ, ਦੋਜ਼ਕ ਵਿਚ ਜਾਵੇ।

ਸੀ ਮਾਈ ਭਾਗੋ ਵਾਂਗਰਾਂ, ਇੰਦ ਕੌਰਾਂ ਲੜਦੀ।
ਉਸ ਹਥ ਗੰਡਾਸਾ ਪਕੜਿਆ, ਲਾਹ ਪਾਸਾ ਖੱੜਦੀ।



Sri Satguru Jagjit Singh Ji Elibrary NamdhariElibrary@gmail.com

ਉਹ ਜਿਧਰ ਜਿਧਰ ਝੂੰਮਦੀ, ਗੁਰਮੰਤਰ ਪੜ੍ਹਦੀ।
ਬਸ ਓਧਰ ਓਧਰ ਟੁਟਦੀ, ਲੱਗੀ ਸਿਰ ਧੜ ਦੀ।
ਉਹ ਪਈ ਕਮਾਲ ਵਿਖਾਲਦੀ, ਨੇ ਬਣਕੇ ਹੜ੍ਹ ਦੀ।
ਜਿੰਦ ਕਢੇ ਜਿਸ ਵਰਿਆਮ ਦੀ, ਮੁੜ ਕੇ ਨਾ ਵੜਦੀ।

ਹਰ ਕੂਕਾ ਹੈਸੀ ਜਾਪ ਦਾ, ਨਲੂਏ ਦੀ ਨਿਆਈਂ।
ਹੱਥ ਸ਼ਸਤਰ ਭਿੱਜੇ ਰੱਤ ਦੇ, ਦਿਸ ਰਹੇ ਬਲਾਈਂ।
ਜਾ ਜਿਥੇ ਜਿਥੇ ਕੂਕਦੇ, ਮੰਤਾਂ ਦੇ ਸ਼ਾਈਂ।
ਓਹ ਕਾਤਲ ਡਿਗੇ ਜਿਨ੍ਹਾਂ ਨੇ, ਕਤਲਾਦੀਆਂ ਗਾਈਂ।
ਸੀ ਜਿਸ ਨੇ ਬੋਲਦ ਲੱਦਿਆ, ਪਾ ਭਾਰ ਅਜਾਈਂ।
ਉਹ ਬਿਦ ਕੇ ਸਿੰਘਾਂ ਮਾਰਿਆ, ਕਾਜ਼ੀ ਤੇ ਰਾਈਂ।

ਜਦ ਘੜੀਆਂ ਅੰਦਰ ਖਾਲਸੇ, ਪਾ ਗਏ ਭਸੂੜੀ।
ਤਦ ਵਿਛੀ ਕਸਾਈਆਂ ਦੇ ਘਰੀਂ, ਇਕ ਵਢੋਂ ਫੂੜੀ।
ਜੋ ਸਮਝਣ ਗਊ ਗਰੀਬ ਨੂੰ, ਹਲਵਾ ਤੇ ਪੂੜੀ।
ਓਹ ਧਰਤ ਸੁਵਾਏ ਕੂਕਿਆਂ, ਦੇ ਨੀਂਦਰ ਗੂੜ੍ਹੀ।
ਜਿਸ ਮਾਫ਼ੀ ਮੰਗੀ ਪੰਥ ਤੋਂ, ਮੂੰਹ ਲੈ ਕੇ ਤੂੜੀ।
ਉਹ ਸਹੀ ਸਲਾਮਤ ਘਰ ਗਿਆ, ਲੈ ਕੇ ਜਿੰਦ ਮੂੜੀ।

ਇਉਂ ਲੜਦੇ ਭਿੜਦੇ ਖਾਲਸੇ, ਰੜ ਅੰਦਰ ਆਏ।
ਆ ਬੋਹ ਤੇ ਕਮਰਾਂ ਖੋਲ੍ਹੀਆਂ, ਲਖ ਸ਼ੁਕਰ ਮਨਾਏ।
ਪਾ ਵਿਚ ਮਿਆਨ ਭਗਉਤੀਆਂ, ਨਿਸ਼ਾਨ ਝੁਲਾਏ।
ਤੂੰ ਧੰਨ ਧੰਨ ਚੀਨੀ ਵਾਲਿਆ, ਜਿਸ ਸਿਦਕ ਪੁਗਾਏ।



Sri Satguru Jagjit Singh Ji Elibrary NamdhariElibrary@gmail.com

ਜੋ ਬੋਲ ਜ਼ਬਾਨੋਂ ਕਹੇ ਸੀ, ਸਿਰ ਨਾਲ ਨਿਭਾਏ।
ਯੱਸ ਤੇਰਾ ਦੇਸ਼ ਪੁਜਾਰੀਆਂ; ਜਗ ਕਿਉਂ ਨਾ ਗਾਏ।

ਆ ਲੱਗਾ ਮੇਲਾ ਥੇਹ ਤੇ, ਚਲ ਸੰਗਤਾਂ ਆਈਆਂ।
ਉਨ੍ਹਾਂ ਪੀਤੇ ਗੁਾੜੇ ਰਗੜ ਕੇ, ਸੁਖੇ ਸਰਦਾਈਆਂ।
ਫਿਰ ਆਖਿਆ ਹੀਰਾ ਸਿੰਘ ਨੇ, ਦੇ ਰਾਮ ਦੁਹਾਈਆਂ।
ਨਾ ਮਰਦ ਮੈਦਾਨੋਂ ਭਜਦੇ, ਲਖ ਹੋਣ ਬਲਾਈਆਂ।
ਜੋ ਤੇਗ ਬਹਾਦਰ ਗੁਰੂ ਤੋਂ, ਲੀਕਾਂ ਲਿਖਵਾਈਆਂ।
ਉਹ ਕੂਕ ਕੂਕ ਕੇ ਕੂਕਿਆਂ; ਸਿਰ ਨਾਲ ਨਿਭਾਈਆਂ।

ਜਿਨ੍ਹਾਂ ਸੀਸ ਵਾਰਨਾਂ ਧਰਮ ਤੋਂ, ਉਫ ਰਤਾ ਨ ਕਰਨੀ।
ਜਿਨ੍ਹਾਂ ਮਰਨਾਂ ਵਿਚ ਮੈਦਾਨ ਦੇ, ਮਰਦਾਂ ਦੀ ਮਰਨੀ।
ਜਿਨ੍ਹਾਂ ਕਾਰ ਗੁਜਾਰੀ ਆਪਣੀ, ਸਿਰ ਦੇ ਕੇ ਭਰਨੀ।
ਜਿਨ੍ਹਾਂ ਨਾਹ ਸ਼ਹੀਦੀ ਲਾੜਿਆਂ; ਹਸ ਹਸ ਕੇ ਵਰਨੀ।
ਜਿਨ੍ਹਾਂ ਪੀੜ ਪਰਾਈ ਆਪਣੀ, ਛਾਤੀ ਤੇ ਜਰਨੀ।
ਉਹ ਰਹਿਣ ਜਿਨ੍ਹਾਂ ਨੇ ਲਗਣਾਂ, ਸਤਿਗੁਰ ਦੀ ਚਰਨੀ।

ਇਹ ਕਹਿੰਦੇ ਕਹਿੰਦੇ ਜੋਸ਼ ਖਾ, ਸਭ ਸੂਰੇ ਆਏ।
ਆ ਠਾਣੇ ਨੇੜੇ ਗੱਜ ਕੇ, ਜੈਕਾਰੇ ਲਾਏ।
ਜਿਨ੍ਹਾਂ ਵਿਚ ਮਲੇਰ ਕੋਟਲੇ, ਸ਼ਸਤਰ ਚਮਕਾਏ।
ਜਿਨ੍ਹਾਂ ਵਢ ਵਢ ਬੁਚੜ ਆਕੜੇ, ਧਰਤੀ ਤੇ ਪਾਏ।
ਜਿਨ੍ਹਾਂ ਭਰ ਭਰ ਬੇੜੇ ਜ਼ੁਲਮ ਦੇ; ਰਤ ਧਾਰ ਵਹਾਏ
ਕਰ ਹਿੰਮਤ ਫੜ ਲੌ ਪੁਲਸੀਓ, ਸ਼ੇਰਾਂ ਦੇ ਜਾਏ।



Sri Satguru Jagjit Singh Ji Elibrary NamdhariElibrary@gmail.com

ਅਸੀਂ ਚਾਹੁੰਦੇ ਹਾਂ ਸੰਸਾਰ ਨੂੰ, ਮਰ ਕੇ ਵੀ ਦਸੀਏ।
ਤਕ ਮੌਤ ਖਲੋਤੀ ਸਾਹਮਣੇ, ਖਿੜ ਖਿੜ ਕੇ ਹਸੀਏ।
ਅਸੀਂ ਫਾਂਸੀ ਤੋਪਾਂ ਵੇਖ ਕੇ, ਹਸ ਕਮਰਾਂ ਕਸੀਏ।
ਹਾਂ ਚੀਨੀ ਵਾਲੇ ਗੁਰੂ ਦੇ, ਸਤਸੰਗੀ ਰਸੀਏ।
ਅਸੀਂ ਆਸ਼ਕ ਉਸਦੇ ਨਾਮ ਦੇ ਸੁਰਤੀ ਵਿਚ ਫਸੀਏ।
ਹੁਣ ਸਿਰੋਂ ਪਰੇਰੇ ਖੇਡ ਕੇ, ਚਰਨਾਂ ਵਿਚ ਵਸੀਏ।

ਆ ਘੇਰੇ ਪੁਲਸੀ ਧਾੜ ਨੇ, ਆਸ਼ਕ ਪਰਵਾਨੇ।
ਤਕ ਲੱਗਾ ਸ਼ਗਨ ਸ਼ਹਾਦਤੀ, ਨੱਚੇ ਮਸਤਾਨੇ।
ਨਾ ਕਣ ਭਰ ਕੀਤੇ ਕਿਸੇ ਵੀ ਸੰਗ ਸ਼ਰਮ ਬਹਾਨੇ।
ਸਨ ਸੱਤਰ ਜਿਨ੍ਹਾਂ ਪਾਲਣੇ, ਸਿਰ ਨਾਲ ਯਰਾਨੇ।
ਪਏ ਆਖਣ ਚੀਨੀ ਵਾਲਿਆ, ਲੈ ਸੀਸ ਬਿਆਨੇ।
ਦੇਹ ਦਾਤ ਹਸਕੇ ਨਾਮ ਦੀ, ਲਗ ਜਾਣ ਨਿਸ਼ਾਨੇ।

ਚੌਪਾਸੀਂ ਤਾਰਾਂ ਖੜਕੀਆਂ, ਜਗ ਧੁੰਮਾਂ ਪਈਆਂ।
ਜੋ ਬੁਚੜ ਵਢੇ ਵਿਅਕਤੀਆਂ, ਉਹ ਫੜੀਆਂ ਗਈਆਂ।
ਉਨ੍ਹਾਂ ਆਪੇ ਮੂੰਹੋਂ ਮੰਗ ਕੇ, ਗ੍ਰਿਫਤਾਰੀਆਂ ਲਈਆਂ।
ਉਹ ਹਾਲਾਂ ਤਕ ਵੀ ਜ਼ੁਲਮ ਤੇ, ਲੈਂਦੇ ਨੇ ਝਈਆਂ।
ਸੀ ਜਾਣ ਬਚਾ ਲੌ ਆਖਿਆ, ਰਲ ਮਿਲ ਕੇ ਕਈਆਂ।
ਪਰ ਦੀਨਾਂ ਮੂਲ ਨਾ ਮੰਨਿਆਂ, ਸਿਰ ਲੱਥ ਮੁਦਈਆਂ।

ਮੁੜ ਆਏ ਸਾਰੇ ਕੋਟਲੇ, ਅਣਖੀਲੇ ਕੂਕੇ।
ਜੋ ਅਣਖ ਪਕਾਉਣੀ ਜਾਣਦੇ; ਦੇ ਸੀਸ ਝਲੂ ਕੇ।



Sri Satguru Jagjit Singh Ji Elibrary NamdhariElibrary@gmail.com

ਜਿਨ੍ਹਾਂ ਬੁਰਜ ਕੁਲ ਪੰਜਾਬ ਦੇ, ਇਕ ਵਢੋਂ ਫੂਕੇ।
ਤੱਕ ਜਿਨ੍ਹਾਂ ਨੂੰ ਜਮਰਾਜ ਵੀ, ਚੂਚੇ ਜਿਉਂ ਚੂਕੇ।
ਜੋ ਫਨੀਅਰ ਵਾਂਗੂੰ ਜ਼ੁਲਮ ਦੇ, ਸਿਰ ਚੜ੍ਹ ਕੇ ਸ਼ੂਕੇ।
ਜਿਨ੍ਹਾਂ ਧਾਂਕ ਬਹਾਈ ਧਰਮ ਦੀ, ਕੁਲ ਪਾਪ ਝੁਲੂਕੇ।

ਹਨ ਚਿਹਰੇ ਉਤੇ ਲਾਲੀਆਂ, ਨਾ ਮੂਲ ਉਦਾਸੇ।
ਹੈ ਮਰਨ ਮਨੁਸ਼ਾ ਸੂਰਿਆਂ, ਸਤਿਗੁਰ ਭਰਵਾਸੇ।
ਪਏ ਕਹਿਣ ਸ਼ਹੀਦੀ ਪੀਣ ਨੂੰ, ਸਿਰ ਕਰਨੇ ਕਾਸੇ।
ਅਸੀਂ ਜਾਨ ਟਿਕਾ ਕੇ ਤਲੀ ਤੇ, ਖੇਲਾਂਗੇ ਪਾਸੇ।
ਸਾਨੂੰ ਪੈਰੋਂ ਕੱਢ ਨ ਸਕਦੇ, ਲਾਲਚ ਤੇ ਝਾਸੇ।
ਸਿਰ ਨਾਲ ਨਿਭਾਵਾਂਗੇ, ਸਦਾ, ਕਰ ਬਚਨ ਖੁਲਾਸੇ।

ਲੈ ਆਂਦੇ ਘੇਰ ਜਮਾਲਪੁਰ, ਮੈਤਾਂ ਦੇ ਸਾਈਂ।
ਜਿਨ੍ਹਾਂ ਸੀਸ ਟਿਕਾ ਕੇ ਤਲੀ ਤੇ, ਛੁਡਵਾਈਆਂ ਗਾਈਂ।
ਜਿਨ੍ਹਾਂ ਧਕਾ ਹੁੰਦਿਆਂ ਰੋਕਿਆ, ਵਿਚ ਸ਼ਹਿਰ ਗਿਰਾਈਂ।
ਜੋ ਇਕ ਦਿਨ ਬੁਚੜਾਂ ਵਾਸਤੇ, ਸੀ ਬਣੇ ਬਲਾਈਂ।
ਓਹਨਾਂ ਦਿਲ ਦੇ ਵਿਚ ਵਸਾ ਕੇ, ਗੁਰ ਕੂਕੇ ਤਾਈਂ।
ਕਿਹਾ ਕਿਣਕਾ ਆਪਣੀ ਮਿਹਰ ਦਾ, ਸਾਡੇ ਸਿਰ ਪਾਈਂ।

ਨੌ ਤੋਪਾਂ ਵਿਚ ਮੁਕਾਬਲੇ, ਬਣ ਠਣ ਕੇ ਆਈਆਂ।
ਜੋ ਮਣ ਮਣ ਦਾਰੂ ਖਾਂਦੀਆਂ, ਚਲਣ ਹਲਕਾਈਆਂ।
ਤਕ ਕਿਲ੍ਹੇ ਜਿਨ੍ਹਾਂ ਦੀ ਚਲ ਨੂੰ, ਡਿਗਣ ਵਿਚ ਖਾਈਆਂ।
ਜੋ ਪਰਬਤ ਵੇਖਣ ਸਾਹਮਣੇ, ਚਲ ਜਾਣ ਹਵਾਈਆਂ।



Sri Satguru Jagjit Singh Ji Elibrary NamdhariElibrary@gmail.com

ਓਹ ਰਣ ਚੰਡੀ ਦੀਆਂ ਚੇਲੀਆਂ, ਮੌਤਾਂ ਮੂੰਹ ਲਾਈਆਂ ।
ਨਾ ਜਾਗੇ ਧਰਤੀ ਜਿਸ ਥਾਂ, ਇਹ ਜਾਣ ਚਲਾਈਆਂ ।

ਝਟ ਗਿਰਦੇ ਸਾਢੇ ਸਤ ਸੌ, ਖੜ ਗਏ ਜਰਵਾਣੇ ।
ਪਟਿਆਲਾ ਨਾਭਾ ਜੀਂਦ ਦੇ, ਓਹ ਆਦਮ ਖਾਣੇ ।
ਇਹ ਪੁਲਸ ਬੜੀ ਸ਼ਾਹਜ਼ੋਰ ਸੀ, ਕੁਲ ਆਲਮ ਜਾਣੇ ।
ਰਗ ਰਗ ਵਿਚ ਕਈ ਸ਼ਰਾਰਤਾਂ; ਕਰਦੇ ਮਨ ਮਾਣੇ ।
ਜਿਉਂ ਫੁਲਾਂ ਗਿਰਦੇ ਰੱਖਦੇ, ਕਰ ਵਾੜ ਸਿਆਣੇ ।
ਤਿਉਂ ਚਪੇ ਚਪੇ, 'ਚਾਤਰਾ' ਬੈਠੇ ਸੀ ਖਾਨੇ ।

ਕੀ ਕਾਵਨ ਨਾਂ ਅੰਗਰੇਜ਼ ਦਾ, ਬਣ ਡੀ. ਸੀ. ਆਇਆ ।
ਉਸ ਚਾਰ ਚੁਫੇਰ ਢੰਡੋਰਚੀ, ਘਲ ਢੋਲ ਵਜਾਇਆ ।
ਉਹ ਦੋਸ਼ੀ ਤੋਪਾਂ ਸਾਹਮਣੇ, ਜਾਸੀ ਉਡਵਾਇਆ ।
ਜਿਸ ਕੀਤਾ ਵਿਚ ਪੰਜਾਬ ਦੇ, ਆ ਅਮਨ ਸਫਾਇਆ ।
ਜਿਸ ਤਕਣੀਆਂ ਤੋਪਾਂ ਚਲਦੀਆਂ, ਮਨ ਸ਼ੌਕ ਸਵਾਇਆ
ਆ ਵੇਖਣ ਵਿਚ ਮੈਦਾਨ ਦੇ, ਕਾਵਨ ਦੀ ਮਾਇਆ ।

ਜਿਨ੍ਹਾਂ ਮਨ ਵਿਚ ਡਰ ਅੰਗਰੇਜ਼ ਦਾ, ਨ ਰਖਿਆ ਮਾਸਾ ।
ਜਿਨ੍ਹਾਂ ਵਢਿਆ ਵਿਚ ਪੰਜਾਬ ਦੇ, ਬੁਚੜਾਂ ਦਾ ਪਾਸਾ ।
ਜਿੰਦ ਲੈਣੀ ਦੇਣੀ ਜਿਨ੍ਹਾਂ ਦਾ, ਬਣਿਆ ਸੀ ਹਾਸਾ ।
ਜੋ ਜਗ ਵਿਚ ਵਡੇ ਖਾੜਕੂ, ਸਿਰ ਧਾਰ ਮੁੜਾਸਾ ।
ਓਹ ਉਡਦੇ ਤੋਪਾਂ ਸਾਹਮਣੇ, ਧਰ ਗੁਰ ਭਰਵਾਸਾ ।
ਆ ਵੇਖਣ ਜਿਨ੍ਹਾਂ ਵੇਖਣਾ, ਅਸਚਰਜ ਤਮਾਸ਼ਾ ।



Sri Satguru Jagjit Singh Ji Elibrary NamdhariElibrary@gmail.com

ਇਹ ਢੋਲ ਢਮੱਕਾ ਸੁਣਦਿਆਂ, ਸਭ ਵੇਖਣ ਆਏ।
ਕਿੰਵ ਹਸ ਹਸ ਜਾਨਾਂ ਵਾਰਦੇ, ਮਾਵਾਂ ਦੇ ਜਾਏ।
ਕਿੰਵ ਝਗੜ ਝਗੜ ਕੇ ਸੂਰਮਾਂ, ਛਾਤੀ ਅਕੜਾਏ।
ਕਿੰਵ ਤੋਪਾਂ ਨਾਲ ਲੜਾਉਣਗੇ; ਨੇਤਰ ਨਸ਼ਿਆਏ।
ਇਕ ਸਿਖ ਸੁਣੀਂ ਦਾ ਸੂਰਮਾ, ਲੱਖਾਂ ਨੂੰ ਖਾਏ।
ਅਜ ਤੱਕੀਏ ਗੋਲਾ ਤੋਪ ਦਾ, ਕਿਸ ਤਰ੍ਹਾਂ ਚਬਾਏ।

ਦੋ ਤੋਪਾਂ ਵਿਚ ਮੁਕਾਬਲੇ, ਮੈਦਾਨੀ ਆਈਆਂ।
ਕਿਤੇ ਕੂਕੇ ਦੂਰੋਂ ਨੇੜਿਓਂ, ਨਾ ਕਰਨ ਚੜ੍ਹਾਈਆਂ।
ਜੋ ਮਿਲ ਕੇ ਹੱਲਾ ਮਾਰਿਆ, ਭੈਣੀ ਦਿਆਂ ਸਾਂਈਆਂ।
ਤਾਂ ਉਸ ਵੇਲੇ ਕਲਜੋਗਣਾਂ, ਇਹ ਜਾਣ ਚਲਾਈਆਂ।
ਪਰ ਜਿਨ੍ਹਾਂ ਜਾਨਾਂ ਤਲੀ ਤੇ, ਦਿਲ ਧਾਰ ਟਿਕਾਈਆਂ।
ਓਹ ਕਦੇ ਨਾ ਹੁੰਦੇ 'ਚਾਤਰਾ', ਮੋਹਰਾਂ ਤੋਂ ਪਾਈਆਂ।

ਤਕ ਬੱਝੇ ਆਣ ਨਜ਼ਾਰੇ, ਵਿਚ ਮੈਦਾਨ ਦੇ।
ਆ ਮੌਤਾਂ ਦੇ ਖੜਕਾਰੇ, ਸੰਗਲ ਖੜਕ ਦੇ।
ਇਓਂ ਕੂਕੇ ਗਏ ਖਲਾਰੇ, ਤੋਪਾਂ ਸਾਹਮਣੇ।
ਜਿਉਂ ਰਾਂਝੇ ਹੀਰ ਦੁਆਰੇ, ਤਲਬ ਦੀਦਾਰ ਦੀ।
ਜਾਂ ਬਣ ਠਣ ਰਾਜ ਦੁਲਾਰੇ, ਖੜੇ ਸਵੰਬਰੀਂ
ਜਾਂ ਮੰਡੀ ਵਿਚ ਵਣਜਾਰੇ, ਸੌਦਾ ਮਾਰਦੇ।
ਸੀ ਭਾਵੇਂ ਸੌ ਹਤਿਆਰੇ, ਲਾਂਭੀ ਗਾਰਦਾਂ।
ਪਰ 'ਚਾਤਰ' ਮਰਦ ਮੁਨਾਰੇ ਰਤਾ ਨਾ ਡੋਲਦੇ।



Sri Satguru Jagjit Singh Ji Elibrary NamdhariElibrary@gmail.com

ਦੇਹ ਤੂੰਬਿਆਂ ਵਾਂਗ ਉਡਾਈ ਤੋਪਾਂ ਚਲ ਕੇ।
ਪਰ ਮਰਦਾਂ ਅਣਖ ਵਿਖਾਈ ਆਣ ਕਮਾਲ ਦੀ।
ਨਾ ਅੱਖ ਜਰਾ ਝਮਕਾਈ ਸ਼ੇਰਾਂ ਕੂਕਿਆਂ।
ਜਿੰਦ ਨਿਕਲੇ ਵਾਂਗ ਹਵਾਈ ਜਾਵੇ ਅਰਸ਼ ਨੂੰ।
ਜਾ ਸੂਰਜ ਵਿਚ ਸਮਾਈ ਕਾਰ ਜੁਆਨ ਦੀ।
ਉਸ ਕਰ ਦਿਤੀ ਰੁਸ਼ਨਾਈ ਸਾਰੇ ਦੇਸ਼ ਤੇ।
ਬਈ ਜਿਨ੍ਹਾਂ ਜਾਨ ਲੜਾਈ ਫਰਜ਼ ਪਛਾਣ ਕੇ।
ਇਸ ਜਗ ਤੇ ਧੰਨ ਕਮਾਈ; ਚਾਤਰ ਉਨ੍ਹਾਂ ਦੀ।

ਇਕ ਕੂਕਾ ਹੈਸੀ ਆਇਆ ਨੀਵੇਂ ਕੱਦ ਦਾ।
ਉਸ ਆਪੇ ਥੜਾ ਬਨਾਇਆ ਇੱਟਾਂ ਜੋੜ ਕੇ।
ਰੰਗ ਹੋਇਆ ਦੂਣ ਸਵਾਇਆ ਖਾਰੇ ਚੜ੍ਹਦਿਆਂ।
ਜੋ ਮਰਦ ਵਿਖਾਲੀ ਮਾਇਆ ਵਖੀ ਸਾਰਿਆ।
ਜਿਨ ਲਾਹ ਕੇ ਸੀਸ ਟਿਕਾਇਆ ਉਤੇ ਤਲੀ ਦੇ।
ਉਸ ਭੇਤ ਸਜਣ ਦਾ ਪਾਇਆ ਆਸ਼ਕ ਮਰਦ ਨੇ।
ਪਰ ਉਹ ਵੀ ਸਫਨ ਸਫਾਇਆ ਕੀਤਾ ਤੋਪ ਨੇ।
ਨਾ ਪਿਛੇ ਪੈਰ ਹਟਾਇਆ 'ਚਾਤਰ' ਯਾਰ ਨੇ।

ਬਾਰਾਂ ਤੇਰਾਂ ਵਰ੍ਹੇ ਦਾ, ਨਾਂ ਬਿਸ਼ਨ ਸਿੰਘ ਬਲਕਾਰੀ।
ਵੇਖ ਖਲੋਤਾ ਸਾਹਮਣੇ ਦਿਲ ਮੋਮ ਦੇ ਫਿਰੀ ਕਟਾਰੀ।
ਨਾਲ ਇਸ਼ਾਰੇ ਸਦਿਆ ਦਸੀ ਉਹਨੂੰ ਦਿਲ ਦੀ ਸਾਰੀ।
ਜੇਕਰ ਆਖੇਂ ਮੈਂ ਨਾ, ਰਾਮ ਸਿੰਘ ਦੀ ਸਿਖੀ ਧਾਰੀ।



Sri Satguru Jagjit Singh Ji Elibrary NamdhariElibrary@gmail.com

ਮੈਂ ਨਹੀਂ ਕੂਕੇ ਪੰਥ ਦੀ, ਦਿਲੋਂ ਕਰਾਂਗਾ ਕਾਰ ਗੁਜ਼ਾਰੀ।
ਮਾਫੀ ਮੰਗ ਬਚਾ ਲੈ, ਸੋਹਲ ਸੁਨੱਖੀ. ਜਿੰਦ ਪਿਆਰੀ।
ਇਸ ਦੁਨੀਆਂ ਤੇ ਮੂਰਖਾ ਕੋਈ ਨਾ ਆਇਆ ਦੂਜੀ ਵਾਰੀ
ਇਸਲਈ ਬਿਨਾਂ ਵਿਚਾਰਿਉਂ ਲਾ ਨਾ ਜਾਵੀਂ ਕਿਤੇ ਉਡਾਰੀ
ਇਵੇਂ ਸਿਘ ਨੂੰ ਮੇਮ ਪੁਕਾਰੀ।

ਸੁਣ ਕੇ ਗਲ ਜੁਵਾਨ ਨੇ, ਕਿਹਾ, ਮੇਮ ਨੂੰ ਏਵੇਂ ਕਰਸਾਂ।
ਪਰ ਮੈਂ ਲੋਕਾਂ ਸਾਹਮਣੇ, ਕਿਦਾਂ ਲਫਜ਼ ਜ਼ਬਾਨੇਂ ਧਰਸਾਂ।
ਕਨ ਵਿਚ ਕਹੋ ਤਾਂ ਕਹਿ ਦਿਆਂ; ਉਚਾ ਸਾਹ ਕਦੇ ਨਾ ਭਰਸਾਂ
ਮੈਂ ਵੀ ਆਖਰ ਸਿੰਘ ਹਾਂ, ਸਿੰਘਾਂ ਵਾਂਗਰ ਹੀ ਰਤ ਤਰਸਾਂ।
ਸਿੰਘਾਂ ਵਾਂਗ ਵੰਗਾਰ ਕੇ, ਹਸ ਹਸ, ਨਾਰ ਸ਼ਹੀਦੀ ਵਰਸਾਂ
ਇਕ ਗੋਲਾ ਕੀ ਲੱਖ ਵੀ, ਆਵੇ, ਤਾਂ ਛਾਤੀ, ਤੇ ਜਰਸਾਂ।
ਡਰਦੇ ਤੁੰਮ ਡਰਾਵਿਓਂ, ਮੈਂ ਨਾ ਮੌਤੋਂ ਹਰਗਿਜ਼ ਡਰਸਾਂ।
ਮਰਦਾਂ ਵਾਂਗ ਮੈਦਾਨੇ ਮਰਸਾਂ।

ਜਦ ਇਹ ਬਣਤ ਬਣਾਈ ਕੰਨ ਵਿਚ ਕਹਿਣ ਦੀ।
ਉਡ ਕੇ ਵਾਂਗ ਹਵਾਈ, ਪਹੁੰਚਾ ਸੂਰਮਾ।
ਜਾਂਦੇ ਪਕੜ ਹਿਲਾਈ, ਦਾੜ੍ਹੀ ਸਾਹਿਬ ਦੀ।
ਉਸ ਕੁਰਲਾਹਟ ਮਚਾਈ, ਰੋਕੋ, ਏਸ ਨੂੰ।
ਭੱਜੇ ਆਏ ਕਸਾਈ, ਅਫਸਰ ਪੁਲਸ ਦੇ।
ਸਿੰਘ ਨੇ ਵੀਹ ਪੁਚਾਈ, ਛੱਡੀ ਮੂਲ ਨਾ।
ਆਖੇ ਰਾਮ ਦੁਹਾਈ ਲੋਕੋ, ਸੁਣ ਲਵੋ।
ਦਿਕੋ ਰਾਸ ਬਣਾਈ, ਕੂਕੇ ਕਾਲ ਦੀ।



Sri Satguru Jagjit Singh Ji Elibrary NamdhariElibrary@gmail.com

ਹਰਨਾਮ ਸਿੰਘ ਇਕ ਲਾਲ, ਗੁਰੂ ਦਾ ਖਾਲਸਾ।
ਓ ਤੁਹਿਆ ਰੜ ਤੋਂ ਨਾਲ, ਸੀ. ਲੈ ਕੇ ਲਾਲਸਾ।
ਮੈਂ ਰਚ ਅਖਾੜਾ ਮੰਗ, ਹੈ ਮੌਤ ਵਿਆਹੁਣੀ।
ਮੈਂ ਘੱਲਾਂ ਵੀਰਾਂ ਸੰਗ, ਇਹ, ਜਿੰਦ, ਪਰਾਹੁਣੀ।
ਮੈਨੂੰ ਹਟ ਕੇ ਕੋਈ ਨਾ ਵੀਰ, ਵਿਖਾਵਾਂ ਖੇਲ ਕੇ।
ਗੁਰ ਦਿਲ ਨੂੰ ਦਿਤੀ ਧੀਰ, ਤੁਹਾਨੂੰ, ਮੇਲ ਕੇ।
ਲੈ ਮੈਨੂੰ ਆਪਣੇ ਨਾਲ, ਤੁਰੋ, ਸਤ ਸੰਗੀਓ।
ਮੈਂ ਜ਼ੋਰਾ ਵਰ ਜਿਹਾ ਬਾਲ, ਬਣਾਂਗਾ ਜਗੀਓ।

ਇਹ ਗੁਰਮੁਖ ਰੜ ਦਾ, ਵਾਸੀ; ਹੈਸੀ ਸੂਰਮਾਂ।
ਸੀ ਮਰਦਾਂ ਵਾਂਗੂੰ ਹਾਸੀ, ਜਾਣੰ ਮੌਤ ਨੂੰ।
ਸੀ ਸੱਚਾ ਗੁਰ ਅਬਿਨਾਸੀ, ਹਰਦਮ ਸਿਮਰਦਾ।
ਵਾਹ ਅੰਦਰ ਪੂਰਨਮਾਸ਼ੀ, ਜੋਤ ਅਗੰਮਦੀ।
ਪਿਆ ਆਖੇ ਕਰੋ ਖਲਾਸੀ, ਗੋਲਾ ਮਾਰ ਕੇ।
ਮੇਰਾ ਸਿਮਰਨ ਕੇਸੀਂ ਸਾਸੀ, ਨਿਭ ਜਾਏ ਦੰਮਤੇ।
ਇਉਂ ਉਡਿਆ ਉਹ ਵਿਸਵਾਸ਼ੀ, ਕੂਕਾ ਬਾਲਕਾ।
ਜਿਉਂ 'ਚਾਤਰ' ਚੜ੍ਹੇ ਅਕਾਸ਼ੀ, ਰਾਕਟ ਰੂਸ ਦਾ।

ਇਉਂ ਵਾਰੀ ਵਾਰੀ ਕੂਕਿਆਂ, ਕੁਰਬਾਨੀ ਦਿਤੀ।
ਜੋ ਆਗਿਆ ਆਈ ਇਸ਼ਟ ਦੀ, ਕਰ ਪੂਰੀ ਲੀਤੀ।
ਇਹ ਬਾਜ਼ੀ ਵਿਚ ਮੈਦਾਨ ਦੇ, ਜਿੰਦ ਲਾ ਕੇ ਜਿਤੀ।
ਨਾ ਰਤਾ ਡੁਲਾਈ ਆਤਮਾਂ, ਕਰ ਕੇ ਦੋ ਚਿਤੀ।
ਨਾ ਕੀਤੀ ਇਸ਼ਕ ਲਗਾ ਕੇ, ਅਖ ਜਿਨ੍ਹਾਂ ਪਸਿਤੀ।



Sri Satguru Jagjit Singh Ji Elibrary NamdhariElibrary@gmail.com

ਉਹ ਧੁਰ ਮੰਜ਼ਲ ਤੇ ਪਹੁੰਚਦੇ, ਉਡ ਫਿਤੀ ਫਿਤੀ।
ਹੋ ਪੁਰਜੇ ਪੁਰਜੇ ਉਡ ਗਏ, ਸਾਰੇ ਅਸਮਾਨੀ।
ਨਾ ਸਿਦਕ ਡੁਲਾਇਆ ਕੂਕਿਆਂ, ਲੈ ਲਈ ਵੈਰਾਨੀ।
ਨਾ ਅਖ ਝੱਮਕੀ ਰਤਾ ਵੀ, ਤਕ ਮੌਤ ਹੈਰਾਨੀ।
ਹਸ ਹਸ ਕੇ ਲਾ ਗਏ ਬਾਜੀਆਂ, ਜਾਨਾਂ ਦੇ ਦਾਨੀ।
ਜੋ ਸੂਰੇ ਸ਼ਿਰ ਤੇ ਖੇਲਦੇ, ਕਰ ਚੋਜ ਵਿਡਾਨੀ।
ਉਹ ਦੁਨੀਆਂ ਦੇ ਇਤਿਹਾਸ ਨੂੰ, ਲਾ ਜਾਣ ਨਿਸ਼ਾਨੀ।

ਇਉਂ ਰਖ ਵਿਖਾਈ ਕੂਕਿਆਂ; ਕੁਲ ਆਲਮ ਜਾਣੇ।
ਸਭ ਤੋਪਾਂ ਹਿੱਕੀ ਝੱਲੀਆਂ, ਸਤਿਗੁਰ ਦੇ ਭਾਣੇ।
ਹੈ ਆਨ ਵਿਆਹੀ ਸੰਜੋਗਤਾ, ਵਿੰਹਦੇ ਰਹੇ ਰਾਣੇ।
ਉਨ੍ਹਾਂ ਅਣਖ ਪੁਗਾਈ ਆਖਰੀ; ਕਰ ਜ਼ਾਲਮ ਕਾਣੇ।
ਸੋ ਸੀਸ ਤਲੀ ਤੇ ਰੱਖਦੇ, ਜਗ ਪਾਪ ਮਿਟਾਣੇ।
ਇਹ 'ਚਾਤਰ' ਸਾਕੇ ਉਨ੍ਹਾਂ ਦੇ; ਨਾ ਹੋਣ ਪੁਰਾਣੇ।



Sri Satguru Jagjit Singh Ji Elibrary NamdhariElibrary@gmail.com

# ਸ਼ਹਾਦਤ ਦੀ ਕੋਠੀ

ਧਰੀ ਕੌਠੀ ਸ਼ਹਾਦਤ ਤੇ ਹਿਲਾਈ ਜਾ ਨਹੀਂ ਸਕਦੀ,
ਇਹ ਰੇਖਾ ਵਾਂਗ ਲਛਮਨ ਦੇ, ਮਿਟਾਈ ਜਾ ਨਹੀਂ ਸਕਦੀ।

ਪਿਤਾ ਕੁਰਬਾਨ ਕਰ ਦਿਤਾ, ਪੁੱਤਾਂ ਦੇ ਸੀਸ ਦੇ ਦਿਤੇ,
ਹੈ ਪਹੁੰਚਾ ਖਾਲਸਾ ਜਿਥੇ, ਖੁਦਾਈ ਜਾ ਨਹੀਂ ਸਕਦੀ।

ਸਿਰਾਂ ਤੇ ਖੇਡਣਾਂ ਲੈਣੀ ਸ਼ਹਾਦਤ ਸਾਹਮਣੇ ਹੋਕੇ,
ਇਹ ਝਾਕੀ ਮੂਜੀਆਂ ਕੋਲੋਂ, ਵਿਖਾਈ ਜਾ ਨਹੀਂ ਸਕਦੀ।

ਆਓ ਜਿਸ ਯਾਰ ਦੇ ਕੂਚੇ, ਤਲੀ ਤੇ ਸੀਸ ਧਰ ਜਾਣਾ,
ਇਹ ਡੌਂਡੀ ਆਸ਼ਕਾਂ ਬਾਝੋਂ, ਪਿਟਾਈ ਜਾ ਨਹੀਂ ਸਕਦੀ।

ਮਿਲੀ ਜੇ ਸੁੱਧ ਦੀ ਗੱਦੀ, ਧਨੰਤਰ ਵੈਦ ਬਣ ਬੈਠਾ,
ਬਿਨਾਂ ਤਸਖ਼ੀਸ ਦੇ ਹਰ ਥਾਂ, ਬੁਰਾਈ ਜਾ ਨਹੀਂ ਸਕਦੀ।

ਪਿਆ ਮਨਸੂਰ 'ਸੂਲੀ ਤੇ, ਪੁਕਾਰੇ ਇਸ਼ਕ ਬਾਜ਼ਾਂ ਨੂੰ,
ਉਰੇ ਮੰਜ਼ਲ ਹਕੀਕਤ ਦੀ, ਮੁਕਾਈ ਜਾ ਨਹੀਂ ਸਕਦੀ।

ਨਾ ਰਾਂਝਾ ਯਾਰ ਮੂਰਖ ਸੀ, ਨਾ ਮਜਨੂੰ ਹੀ ਅੰਞਾਣਾਂ ਸੀ,
ਜਦੋਂ ਤਕ ਆਪ ਨਾ ਨਿਭੀਏ, ਨਿਭਾਈ ਜਾ ਨਹੀਂ ਸਕਦੀ।

ਬਥੇਰੇ ਯਾਰ ਮੇਰੇ ਈਰਖਾ ਦੇ ਨਾਲ ਵਿਹਦੇ ਨੇ,
ਮਗਰ ਤਹਿਰੀਰ 'ਚਾਤਰ' ਦੀ, ਚੁਰਾਈ ਜਾ ਨਹੀਂ ਸਕਦੀ।



Sri Satguru Jagjit Singh Ji Elibrary NamdhariElibrary@gmail.com

# ਨਸੀਹਤ

ਜਵਾਨੋਂ ਆਪਣੀ ਚੜ੍ਹਦੀ ਜਵਾਨੀ, ਸਾਂਭ ਕੇ ਵਰਤੋ ।
ਗੁਵਾਚੀ ਫੇਰ ਨਹੀਂ ਮਿਲਨੀ, ਨਿਸ਼ਾਨੀ ਸਾਭ ਕੇ ਵਰਤੋ।

ਲੜਾਈਆਂ ਚੋਂ ਕੀ ਲੈਣਾ ਜੇ,ਫਸਾਦਾਂ ਚੋਂ ਕੀ ਲੈਣਾ ਜੇ,
ਨਾ ਖਰਚੋ ਇਕ ਵੀ ਆਨਾ, ਦੁਆਨੀ ਸਾਂਭ ਕੇ ਵਰਤੋ ।

ਬੁਰਾ ਕਿਉਂ ਸੋਚਦੇ ਹੋ; ਜੇ ਭਲਾ ਕੁਝ ਕਰ ਨਹੀਂ ਸਕਦੇ;
ਚਲਾਕੀ ਸਾਂਭ ਕੇ ਵਰਤੋ, ਸ਼ੈਤਾਨੀ ਸਾਂਭ ਕੇ ਵਰਤੋ ।

ਇਹ ਬੁਰਕਾ ਰਾਂਗਲੇ ਫੈਸ਼ਣ ਦਾ, ਕੀਤਾ ਬੇਹਯਾਈ ਨੇ,
ਨਾ ਰੀਝੋ ਵੇਖ ਕੇ ਇਸਨੂੰ, ਹੈਰਾਨੀ ਸਾਂਭ ਕੇ ਵਰਤੋ ।

ਸੁਣੋ ਬਈ ਲੇਖਕੋ ਕਵੀਓ; ਐਡੀਟਰ ਤੇ ਕਲਾਕਾਰੋ,
ਜੋ ਵਿੰਨੇ ਕੌਮ ਦਾ ਜਿਗਰਾ; ਉਹ ਕਾਨੀ ਸਾਂਭ ਕੇ ਵਰਤੋ ।

ਮੈਂ 'ਚਾਤਰ' ਹਾਂ ਜਮਾਨੇ ਦੇ ਭਲੇ ਦੀ ਗਲ ਕਰਦਾ ਹਾਂ,
ਇਹ ਇਜ਼ਤ ਆਬਰੂ ਆਪਣੀ ਬਗਾਨੀ ਸਾਂਭ ਕੇ ਵਰਤੋ ।

# ਮੈਂ ਕੌਣ ਹਾਂ

ਮੈਂ ਹਾਂ ਗੁਰੂ ਦਸਮੇਸ਼ ਦਾ ਨਾਮ ਲੇਵਾ,
ਹਰ ਕਿਸੇ ਤੇ ਨਹੀਂ ਇਤਕਾਦ ਮੇਰਾ ।
ਸ਼ਿਹਰ ਸੁਨਣ ਦਾ ਸ਼ੁਰੂ ਤੋਂ ਸ਼ੌਕ ਲਗਾ,
ਵਧਦਾ ਗਿਆ ਹਰ ਰੋਜ ਸੁਆਦ ਮੇਰਾ ।
ਪਹਿਲੇ ਅਜ ਮਗਰੋ ਚਾਤਰ ਜਾਹਰ ਹੋਇਆ
ਏਦਾਂ ਤੁਰ ਪਿਆ ਆਦ ਜੁਗਾਦ ਮੇਰਾ ।
ਮੇਰੇ ਬਾਬੇ ਉਸਤਾਦ ਨੂੰ 'ਦਰਦ' ਕਹਿੰਦੇ
ਦਰਦੋਂ ਉਪਜਿਆ 'ਤੀਰ' ਉਸਤਾਦ ਮੇਰਾ ।



Sri Satguru Jagjit Singh Ji Elibrary NamdhariElibrary@gmail.com

# ਦੋ ਸ਼ਬਦ

ਸ: ਹਰਸਾ ਸਿੰਘ 'ਚਾਤਰ' ਨੇ ਅਨੇਕ ਪੱਖਾਂ ਤੇ ਰੰਗਾਂ ਦੀ ਕਵਿਤਾ ਸ: ਵਿਧਾਤਾ ਸਿੰਘ 'ਤੀਰ' ਜਿਹੇ ਉਸਤਾਦ ਤੇ ਬਜ਼ੁਰਗ ਕਵੀ ਤੋਂ ਸਿੱਖੀ ਤੇ ਲਿਖੀ ਹੈ, ਪਰ ਮੈਂ ਚਾਤਰ ਨੂੰ "ਵਾਰ-ਸਪੈਸ਼ਲਿਸਟ" ਉਸ ਤਰ੍ਹਾਂ ਹੀ ਕਹਿਣਾ ਚਾਹੁੰਦਾ ਹਾਂ, ਜਿਵੇਂ ਅੱਖਾਂ ਜਾਂ ਚਮੜੀ ਦੇ ਰੋਗਾਂ ਦੇ ਸਪੈਸ਼ਲਿਸਟ ਡਾਕਟਰ ਹੁੰਦੇ ਹਨ । ਡਾਕਟਰ ਵਿਗੜਿਆਂ ਰੋਗਾਂ ਨੂੰ ਸੋਧ ਕੇ ਮੁੜ ਪਹਿਲੀ ਹਾਲਤ ਵਿਚ ਲਿਆਉਂਦੇ ਹਨ,ਪਰ ਕਵੀ ਨਵੀਂ ਤੇ ਸਦੀਵੀ ਰਚਨਾ ਤੇ ਗੁਲਜਾਰ ਖਿੜਾਉਂਦਾ ਹੈ, ਪੁਰਾਣੀ ਤੇ ਹੋਂਦ ਵਿਚ ਆ ਚੁਕੀ ਰਚਨਾਂ ਨੂੰ ਹੋਰ ਸੁੰਦਰ ਬਣਾ ਵਿਖਾਉਂਦਾ ਹੈ, ਇਉਂ ਸ਼ਾਇਦ ਉਹ 'ਬੀਊਟੀ-ਸਪੈਸ਼ਲਿਸਟ' ਹੁੰਦਾ ਹੈ ।

ਅਤੇ 'ਵਾਰ' ਰਚਣੀ, ਜੋ ਪੜ੍ਹਨ ਸੁਣਨ ਵਿਚ ਸਰਲ, ਸੁਖੈਨ ਤੇ ਸਿੱਧੀ ਦਿੱਸੇ, ਹੋਰ ਵੀ ਵਧੇਰੇ ਔਖੀ ਹੈ, ਇਕ ਪਾਸੇ ਕਹਾਣੀ-ਰਸ ਨਿਭਾਉਣਾ ਹੁੰਦਾ ਹੈ, ਤੇ ਕਹਾਣੀ ਬਹੁਤ ਕਰਕੇ ਪੁਰਾਣੀ ਪ੍ਰਚਲਤ ਤੇ ਸਭ ਨੂੰ ਪਤਾ ਹੁੰਦੀ ਹੈ । ਉਸ ਵਿਚ ਮਿਥਿਹਾਸ ਤੇ ਇਤਹਾਸ ਦੇ ਰੰਗ ਦੀ ਚਮਕ ਦੇਕੇ ਦ੍ਰਿਸ਼ਾਂ ਦੀ ਕਲਪਨਾ ਕਰ ਕੇ ਵਰਨਣ ਕਰਨੇ ਹੁੰਦੇ ਹਨ; ਕੁਝ ਕੁ ਨਵੇਂ ਜ਼ਮਾਨੇ ਨਾਲ ਭੀ ਰਿਸ਼ਤਾ ਜੋੜਨਾ ਪੈਂਦਾ ਹੈ; ਵਿਅੰਗ ਬਿਨਾਂ ਭੀ ਗੱਲ ਵਿਚ ਮਟਕ ਨਹੀਂ ਭਰਦੀ, ਨਵੇਂ ਅਲੰਕਾਰਾਂ ਬਿਨਾਂ ਸਜਾਵਟ ਨਹੀਂ ਹੁੰਦੀ, ਪਾਤਰਾਂ ਦੀ ਆਚਰਨ-ਉਸਾਰੀ ਵੀ ਆਵਸ਼ਕ ਹੈ ਤੇ ਤੋਲ ਵਿਚ ਭੀ ਕੁਝ ਵੰਨਗੀ ਦੀ ਮੰਗ ਰਹਿੰਦੀ ਹੈ ।

ਮੈਂ 'ਚਾਤਰ' ਜੀ ਦੇ ਪਹਿਲੇ ਕਾਵਿ-ਸੰਗ੍ਰਹਿ 'ਲਹੂ ਦੇ ਲੇਖ' ਤੋਂ ਹੀ ਇਨ੍ਹਾਂ ਦਾ ਪ੍ਰਸ਼ੰਸਕ ਹਾਂ ਅਤੇ ਮੈਨੂੰ ਇਹ ਜਾਣ ਕੇ ਹੋਰ ਭੀ ਖੁਸ਼ੀ ਹੈ ਕਿ ਪਿਛਲੇ 20 ਕੁ ਵਰ੍ਹਿਆਂ ਵਿਚ 'ਚਾਤਰ' ਜੀ ਨੇ ਸਿਖ-ਇਤਿਹਾਸ ਉਤੇ ਅਧਾਰਤ ਵਾਰਾਂ ਤੇ ਹੋਰ ਕਵਿਤਾਵਾਂ ਦੇ ਕਈ ਸੰਗ੍ਰਹਿ ਪ੍ਰਕਾਸ਼ਤ ਕਰਾ ਦਿਤੇ ਹਨ, ਜਿਵੇਂ ਲਹੂ ਦੀਆਂ ਧਾਰਾਂ, ਵਲਵਲੇ, ਚਾਤਰ ਦੀਆਂ ਵਾਰਾਂ, ਤੇ ਢਾਡੀ ਪ੍ਰਸੰਗ ।

Sri Satguru Jagjit Singh Ji Elibrary NamdhariElibrary@gmail.com

ਇਸ ਹਥਲੀ ਪੁਸਤਕ ਵਿੱਚ, ਉਨ੍ਹਾਂ ਨੇ ਨਾਮਧਾਰੀ ਵੀਰਾਂ ਦੇ ਕੁਝ ਵਿਸ਼ੇਸ਼ ਕਾਰਨਾਮਿਆਂ ਨੂੰ ਆਧਾਰ ਬਣਾਇਆ ਹੈ,ਜੋ ਪੰਜਾਬ ਵਿਚ ਅੰਗ੍ਰੇਜ਼–ਵਿਰੋਧੀ ਲਹਿਰ ਦਾ ਆਰੰਭ ਤੇ ਗਊ–ਰਖਿਆ ਲਈ ਅਦੁਤੀ ਮੰਨਣੇ ਚਾਹੀਦੇ ਹਨ। ਇਉਂ ਇਨ੍ਹਾਂ ਵਾਰਾਂ ਵਿਚ, ਕਵੀ ਨਾਮਧਾਰੀ ਵੀਰਾਂ ਦੀ ਕੁਰਬਾਨੀ ਤੇ ਜਜ਼ਬੇ ਦਾ ਯੋਗ ਮੁੱਲ ਪਾਉਂਦਾ ਹੈ, ਤੇ ਉਸ ਨੂੰ ਚਾਨਣ ਵਿਚ ਲਿਆਉਂਦਾ ਹੈ। ਕਿਤੇ ਕਿਤੇ ਵਿਅੰਗ ਦੇ ਰੂਪ ਵਿਚ ਨਵੀਨ ਸਮਾਜ ਨੂੰ ਬੜਾ ਜ਼ਬਰਦਸਤ ਹਲੂਣਾ ਭੀ ਹੈ; ਜਿਵੇਂ–

ਸਨ ਕਿਥੇ ਓਦੋਂ ਸੂਰਮੇਂ, ਅਰਸ਼ਾਂ ਦਿਆ ਸਾਈਆਂ।
ਜੋ ਗਊ ਰਖਸ਼ਾ ਦੇ ਨਾਮ ਤੇ, ਅਜ ਦੇਣ ਦੁਹਾਈਆਂ।

ਅਤੇ

ਹੁਣ ਗਊ ਰਖਸ਼ਾ ਦੇ ਨਾਮ ਤੇ ਕਰ ਚੋਰ ਬਜ਼ਾਰੀ।
ਪਏ ਬੋਗਸ ਵੋਟ ਖਰੀਦ ਦੇ; ਅੱਜ ਦੇ ਵਿਉਪਾਰੀ।

ਇਉਂ ਇਸ ਛੋਟੇ ਜਿਹੇ ਸੰਗ੍ਰਹਿ ਵਿਚ, ਨਵੀਨਤਾ ਤੇ ਪੁਰਾਤਨਤਾ ਦਾ ਸੁਮੇਲ ਕਰਦਿਆਂ ਕਵੀ ਨੇ ਪੰਜਾਬ ਦੇ ਇਤਿਹਾਸ ਦੇ ਇਕ ਅਜਿਹੇ ਪੱਤਰੇ ਵਲ ਧਿਆਨ ਦਵਾਇਆ ਹੈ ਜੋ ਅਜੇ ਬਹੁਤ ਘਟ ਲੋਕਾਂ ਨੇ ਪੜ੍ਹਿਆ ਹੈ। ਮੈਨੂੰ ਇਹ ਵਾਰਾਂ ਕਈ ਤਰਾਂ ਨਾਲ ਸਫਲ ਦਿਸਦੀਆਂ ਹਨ ਜਿਨ੍ਹਾਂ ਵਿਚ ਉਪਰੋਕਤ 'ਵਾਰ–ਗੁਣ' ਆਏ ਹਨ। ਇਨ੍ਹਾਂ ਵਾਰਾਂ ਦਾ ਪੜ੍ਹਨਾ ਸੁਣਨਾ, ਨਵੀਂ ਪ੍ਰੇਰਨਾ; ਨਵੇਂ ਜੋਸ਼ ਤੇ ਨਵੀਂ ਭਾਵਨਾ ਦਾ ਸੋਮਾਂ ਬਣ ਸਕਦਾ ਹੈ। ਚਾਤਰ ਦਾ ਹੱਕ ਹੈ ਕਿ ਉਹ ਆਖੇ–

ਸੁਣੋ ਭਈ ਲੇਖਕੋ, ਕਵੀਓ, ਐਡੀਟਰ ਤੇ ਕਲਾਕਾਰੋ,
ਜੋ ਵਿੰਨੇ ਕੌਮ ਦਾ ਜਿਗਰਾ,ਉਹ ਕਾਨੀ ਸਾਂਭ ਕੇ ਵਰਤੋ।

ਇਨ੍ਹਾਂ ਸ਼ਬਦਾਂ ਨਾਲ ਮੈਂ ਚਾਤਰ ਦੀ ਇਸ ਨਵੀਂ ਪੁਸਤਕ ਦਾ ਸਵਾਗਤ ਕਰਦਾ ਹਾਂ।

ਅਮੋਲ ਕੁਟੀ
2, ਉਤਮ ਗੜ੍ਹ, ਅੰਮ੍ਰਿਤਸਰ
1–4–71

ਸ: ਸ: ਅਮੋਲ
(ਰੀ: ਪ੍ਰਿੰਸੀਪਲ)

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com